ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 20 ਨਵੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੫ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਪਹਿਲਾਂ ਤਕਨੀਕੀ ਖਰਾਬੀ, ਫਿਰ ਐਮਰਜੈਂਸੀ ਲੈਂਡਿੰਗ

# ਥਾਈਲੈਂਡ 'ਚ 80 ਘੰਟਿਆਂ ਤੋਂ ਫਸੇ ਏਅਰ ਇੰਡੀਆ ਦੇ ਯਾਤਰੀ




**ਨਵੀਂ ਦਿੱਲੀ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਏਅਰ ਇੰਡੀਆ ਦੀ ਫਲਾਈਟ 'ਚ ਤਕਨੀਕੀ ਖਰਾਬੀ ਕਾਰਨ ਨਵੀਂ ਦਿੱਲੀ ਜਾਣ ਵਾਲੇ 100 ਤੋਂ ਵੱਧ ਯਾਤਰੀ ਥਾਈਲੈਂਡ ਦੇ ਫੂਕੇਟ 'ਚ 80 ਘੰਟਿਆਂ ਤੋਂ ਜ਼ਿਆਦਾ ਸਮੇਂ ਤੋਂ ਫਸੇ ਹੋਏ ਹਨ। ਮੀਡੀਆ ਰਿਪੋਰਟਾਂ ਮੁਤਾਬਕ ਦਿੱਲੀ ਜਾਣ ਵਾਲੀ ਫਲਾਈਟ ਨੂੰ 3 ਵਾਰ ਟਾਲਿਆ ਗਿਆ। ਇਸ ਨੇ ਇਕ ਵਾਰ ਉਡਾਨ ਵੀ ਭਰੀ, ਪਰ ਢਾਈ ਘੰਟੇ ਬਾਅਦ ਇਸ ਨੂੰ ਫੂਕੇਟ ਹਵਾਈ ਅੱਡੇ 'ਤੇ ਵਾਪਸ ਮੋੜ ਲਿਆ ਗਿਆ। ਯਾਤਰੀਆਂ ਨੇ ਸੋਸ਼ਲ ਮੀਡੀਆ 'ਤੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਮੁਤਾਬਕ ਫਲਾਈਟ ਨੇ 16 ਨਵੰਬਰ ਦੀ ਰਾਤ ਨੂੰ ਦਿੱਲੀ ਲਈ ਰਵਾਨਾ ਹੋਣਾ ਸੀ ਪਰ ਤਕਨੀਕੀ ਖਰਾਬੀ ਦਾ ਹਵਾਲਾ ਦਿੰਦੇ ਹੋਏ ਇਸ ਨੂੰ 6 ਘੰਟੇ ਲਈ ਟਾਲ ਦਿੱਤਾ ਗਿਆ। ਘੰਟਿਆਂ ਤੱਕ ਇੰਤਜ਼ਾਰ ਕਰਨ ਤੋਂ ਬਾਅਦ ਯਾਤਰੀਆਂ ਨੂੰ ਸਵਾਰ ਹੋਣ ਲਈ ਕਿਹਾ ਗਿਆ, ਪਰ ਇੱਕ ਘੰਟੇ ਬਾਅਦ ਫਲਾਈਟ ਰੱਦ ਕਰ ਦਿੱਤੀ ਗਈ। ਇਸ ਤੋਂ ਬਾਅਦ 17 ਨਵੰਬਰ ਨੂੰ ਦੁਬਾਰਾ ਉਡਾਣ ਭਰੀ ਗਈ ਪਰ ਇਸ ਵਾਰ ਵੀ ਜਹਾਜ਼ ਵਿਚ ਤਕਨੀਕੀ ਖਰਾਬੀ ਆ ਗਈ, ਜਿਸ ਕਾਰਨ ਐਮਰਜੈਂਸੀ ਲੈਂਡਿੰਗ ਕਰਨੀ ਪਈ। ਇਕ ਵਾਰ ਫਿਰ ਤਕਨੀਕੀ ਖਰਾਬੀ ਦਾ ਹਵਾਲਾ ਦਿੰਦੇ ਹੋਏ ਯਾਤਰੀਆਂ ਨੂੰ ਉਤਾਰ ਦਿੱਤਾ ਗਿਆ। ਉਦੋਂ ਤੋਂ ਸਾਰੇ ਯਾਤਰੀ ਫੂਕੇਟ 'ਚ ਫਸੇ ਹੋਏ ਹਨ। ਇਸ ਵਿੱਚ ਬਜ਼ੁਰਗ ਅਤੇ ਬੱਚੇ ਵੀ ਸ਼ਾਮਲ ਹਨ। ਯਾਤਰੀਆਂ ਦਾ ਦੋਸ਼ ਹੈ ਕਿ ਏਅਰਲਾਈਨ ਦੇ ਕਰੂ ਮੈਂਬਰ ਸਹੀ ਜਾਣਕਾਰੀ ਨਹੀਂ ਦੇ ਰਹੇ ਹਨ। ਹਾਲਾਂਕਿ, ਏਅਰਲਾਈਨ ਨੇ ਕਿਹਾ ਹੈ ਕਿ ਯਾਤਰੀਆਂ ਨੂੰ ਰਿਹਾਇਸ਼ ਪ੍ਰਦਾਨ ਕਰ ਦਿੱਤੀ ਗਈ ਹੈ ਅਤੇ ਮੁਆਵਜ਼ਾ ਵੀ ਦਿੱਤਾ ਜਾਵੇਗਾ। ਕਈ ਯਾਤਰੀਆਂ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਲਗਭਗ 40 ਅਜੇ ਵੀ ਫੁਕੇਤ ਵਿਚ ਹਨ, ਜਿਨ੍ਹਾਂ ਨੂੰ ਅੱਜ ਸ਼ਾਮ ਤੱਕ ਭੇਜਣ ਦੀ ਯੋਜਨਾ ਹੈ।




## ਚਰਨਜੀਤ ਸਿੰਘ ਚੰਨੀ ਨੇ ਮੰਗੀ ਮੁਆਫ਼ੀ



**ਜਲੰਧਰ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਦਿੱਤੇ ਵਿਵਾਦਤ ਬਿਆਨ ਲਈ ਮੁਆਫ਼ੀ ਮੰਗੀ ਹੈ। ਚੰਨੀ ਨੇ ਕਿਹਾ ਕਿ ਮੈਂ ਉਸ ਦਿਨ ਸੁਣਿਆ ਸੁਣਾਇਆ ਚੁਟਕਲਾ ਬੋਲਿਆ ਸੀ ਜੇ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚੀ, ਤਾਂ ਹੱਥ ਜੋੜ ਕੇ ਤੇ ਸਿਰ ਝੁਕਾ ਕੇ ਮੁਆਫ਼ੀ ਮੰਗਦਾ ਹਾਂ। ਉਨ੍ਹਾਂ ਕਿਹਾ ਮੈਂ ਨੀਵਾਂ ਹੋ ਕੇ ਚੱਲਣ ਵਾਲਾ ਹਾਂ ਅਤੇ ਮੇਰੇ ਪਰਿਵਾਰ ਨੇ ਮੈਨੂੰ ਨੀਵਾਂ ਹੋ ਚੱਲਣ ਦੇ ਸੰਸਕਾਰ ਦਿੱਤੇ ਹਨ। ਮੇਰਾ ਮਕਸਦ ਕਿਸੇ ਨੂੰ ਠੇਸ ਪਹੁੰਚਾਉਣਾ ਨਹੀਂ ਸੀ ਤੇ ਨਾ ਹੀ ਮੈਂ ਮਹਿਲਾਵਾਂ ਖ਼ਿਲਾਫ਼ ਮਾੜਾ ਸੋਚ ਸਕਦਾ। ਦੱਸ ਦੇਈਏ ਅੱਜ ਮੁਹਾਲੀ ਦਫ਼ਤਰ 'ਚ ਪੰਜਾਬ ਮਹਿਲਾ ਕਮਿਸ਼ਨ ਨੇ ਚਰਨਜੀਤ ਸਿੰਘ ਚੰਨੀ ਨੂੰ ਵਿਵਾਦਤ ਬਿਆਨ ਲਈ ਤਲਬ ਕੀਤਾ ਸੀ। ਜਿੱਥੇ ਚੰਨੀ ਮਹਿਲਾ ਕਮਿਸ਼ਨ ਅੱਗੇ ਪੇਸ਼ ਨਹੀਂ ਹੋਏ ਅਤੇ ਮੀਡੀਆ ਸਾਹਮਣੇ ਆਪਣੇ ਦਿੱਤੇ ਬਿਆਨ 'ਤੇ ਮੁਆਫ਼ੀ ਮੰਗੀ ਹੈ।

## ਪੰਜਾਬ 'ਚ ਠੰਡ ਕਾਰਨ ਕੰਬੇ ਲੋਕ, 15 ਜ਼ਿਲ੍ਹਿਆਂ 'ਚ ਧੁੰਦ ਦਾ ਅਲਰਟ, ਆਬੋ-ਹਵਾ ਖ਼ਰਾਬ

**ਚੰਡੀਗੜ੍ਹ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਵਿੱਚ ਹੌਲੀ-ਹੌਲੀ ਠੰਡ ਵੱਧ ਰਹੀ ਹੈ। ਕਈ ਇਲਾਕਿਆਂ ਵਿੱਚ ਧੁੰਦ ਦਾ ਕਹਿਰ ਵੇਖਣ ਨੂੰ ਮਿਲ ਰਿਹਾ ਹੈ। ਮੌਸਮ ਵਿਭਾਗ ਮੁਤਾਬਕ ਆਉਣ ਵਾਲੇ 5 ਦਿਨਾਂ 'ਚ ਤਾਪਮਾਨ 'ਚ 2 ਤੋਂ 5 ਡਿਗਰੀ ਦੀ ਗਿਰਾਵਟ ਆਵੇਗੀ। ਵਿਭਾਗ ਨੇ ਸੂਬੇ ਦੇ 14 ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ ਹੈ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਜਲੰਧਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮਾਨਸਾ, ਫ਼ਰੀਦਕੋਟ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ ਅਤੇ ਸੰਗਰੂਰ ਸ਼ਾਮਲ ਹਨ। ਦੱਸ ਦੇਈਏ ਕਿ ਚੰਡੀਗੜ੍ਹ 'ਚ ਪ੍ਰਦੂਸ਼ਣ ਪਹਿਲਾਂ ਦੇ ਮੁਕਾਬਲੇ ਘੱਟ ਹੋਇਆ ਹੈ, ਪਰ ਪ੍ਰਦੂਸ਼ਣ ਦਾ ਪੱਧਰ ਅਜੇ ਵੀ ਖਰਾਬ ਹੈ। ਪਹਾੜਾਂ 'ਤੇ ਤਾਜ਼ਾ ਬਰਫਬਾਰੀ ਤੋਂ ਬਾਅਦ ਹੁਣ ਉੱਤਰ ਤੋਂ ਪੱਛਮ ਵੱਲ ਵਗਣ ਵਾਲੀਆਂ ਹਵਾਵਾਂ ਠੰਡਾ ਲਿਆ ਰਹੀਆਂ ਹਨ। ਨਤੀਜਾ ਇਹ ਹੈ ਕਿ ਰਾਤ ਦੇ ਸਮੇਂ ਤਾਪਮਾਨ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਗਈ ਹੈ ਅਤੇ ਐਤਵਾਰ ਸਵੇਰੇ ਚੰਡੀਗੜ੍ਹ ਵਿੱਚ ਸੰਘਣੀ ਧੁੰਦ ਛਾਈ ਰਹੀ। ਰਾਤ ਦੇ ਤਾਪਮਾਨ 'ਚ ਗਿਰਾਵਟ ਦਾ ਅਸਰ ਦਿਨ ਦੇ ਤਾਪਮਾਨ 'ਤੇ ਵੀ ਪਿਆ ਹੈ। ਦਿਨ ਦਾ ਤਾਪਮਾਨ ਵੀ ਹੁਣ 24 ਡਿਗਰੀ ਤੋਂ ਉੱਪਰ ਨਹੀਂ ਜਾ ਰਿਹਾ ਹੈ। ਹਾਲਾਂਕਿ ਜਿਵੇਂ-ਜਿਵੇਂ ਰਾਤ ਪੈ ਰਹੀ ਹੈ, ਸ਼ਹਿਰ ਦੀ ਹਵਾ ਵਿੱਚ ਪ੍ਰਦੂਸ਼ਣ ਦਾ ਪੱਧਰ ਫਿਰ ਤੋਂ 300 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੇ ਆਸ-ਪਾਸ ਪਹੁੰਚ ਰਿਹਾ ਹੈ, ਜੋ ਕਿ ਬਹੁਤ ਮਾੜਾ ਮੰਨਿਆ ਜਾਂਦਾ ਹੈ। ਦਿਨ ਵੇਲੇ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ 287 ਦੇ ਕਰੀਬ ਰਹਿੰਦਾ ਹੈ ਪਰ ਫਿਰ ਵੀ ਸ਼ਹਿਰ ਦੀ ਹਵਾ ਆਮ ਦਿਨਾਂ ਵਾਂਗ ਸਾਫ਼ ਨਹੀਂ ਹੈ। ਭਲੇ ਹੀ ਲੋਕਾਂ ਨੂੰ ਭੱਖਦੀ ਗਰਮੀ ਤੋਂ ਰਾਹਤ ਮਿਲ ਗਈ ਹੈ, ਪਰ ਆਬੋ ਹਵਾ ਵਿੱਚ ਜ਼ਿਹਰੀਲਾਪਨ ਹੋਣ ਕਾਰਨ ਸਿਹਤ ਸਬੰਧੀ ਕਈ ਸਮੱਸਿਆਵਾਂ ਵੱਧ ਸਕਦੀਆਂ ਹਨ। ਮੌਸਮ ਵਿਭਾਗ ਦੇ ਮੁਤਾਬਕ ਪੰਜਾਬ ਦੇ 15 ਜ਼ਿਲ੍ਹਿਆਂ 'ਚ ਅੱਜ ਧੁੰਦ ਦੇਖਣ ਨੂੰ ਮਿਲ ਸਕਦੀ ਹੈ। 8 ਜ਼ਿਲ੍ਹਿਆਂ 'ਚ ਆਰੈਂਜ ਅਲਰਟ ਜਾਰੀ ਕੀਤਾ ਗਿਆ ਹੈ, ਜਿਨ੍ਹਾਂ 'ਚ ਕਪੂਰਥਲਾ, ਜਲੰਧਰ, ਲੁਧਿਆਣਾ, ਸੰਗਰੂਰ, ਬਰਨਾਲਾ, ਫਤਿਹਗੜ੍ਹ ਸਾਹਿਬ, ਮਲੇਰਕੋਟਲਾ, ਪਟਿਆਲਾ ਸ਼ਾਮਲ ਹਨ। ਜਦਕਿ ਐਸਏਐਸ ਨਗਰ, ਨਵਾਂਸ਼ਹਿਰ, ਰੂਪਨਗਰ, ਅੰਮ੍ਰਿਤਸਰ, ਤਰਨਤਾਰਨ ਤੇ ਗੁਰਦਾਸਪੁਰ 'ਚ ਧੁੰਦ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

## ਜਗਰਾਓਂ ਦੇ ਗੁਰੂ ਘਰ 'ਚ ਵੜਿਆ ਸ਼ਰਾਬੀ, ਸੰਗਤ ਨੂੰ ਕੱਢੀਆਂ ਗਾਲ੍ਹਾਂ, ਲੋਕਾਂ ਨੇ ਚਾੜ੍ਹਿਆ ਕੁਟਾਪਾ, ਕੀਤਾ ਪੁਲਿਸ ਹਵਾਲੇ

# ਸਿੱਖ ਸੰਗਤਾਂ 'ਚ ਰੋਸ

**ਜਗਰਾਓਂ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਜਗਰਾਓਂ ਸ਼ਹਿਰ ਦੇ ਕੋਠੇ ਖਜੂਰਾ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬ ਵਿੱਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਗੁਰਦੁਆਰਾ ਸਾਹਿਬ ਦੇ ਨੇੜੇ ਰਹਿਣ ਵਾਲਾ ਇੱਕ ਵਿਅਕਤੀ ਸ਼ਰਾਬ ਦੇ ਨਸ਼ੇ ਵਿੱਚ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋ ਗਿਆ। ਇੰਨਾ ਹੀ ਨਹੀਂ ਸ਼ਰਾਬ ਦੇ ਨਸ਼ੇ 'ਚ ਦੋਸ਼ੀ ਨੇ ਸੱਚਖੰਡ 'ਚ ਬੈਠੀ ਸੰਗਤ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਇੱਥੋਂ ਤੱਕ ਕਿ ਸੰਗਤ ਨੂੰ ਗੁਰਦੁਆਰਾ ਸਾਹਿਬ ਨਾ ਆਉਣ ਲਈ ਵੀ ਕਹਿਣ ਲੱਗਾ। ਜਿਸ ਤੋਂ ਬਾਅਦ ਗੁਰਦੁਆਰਾ ਸਾਹਿਬ ਵਿੱਚ ਮਾਹੌਲ ਤਣਾਅਪੂਰਨ ਹੋ ਗਿਆ। ਇਸ ਤੋਂ ਪਹਿਲਾਂ ਕਿ ਸ਼ਰਾਬੀ ਸੱਚਖੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ, ਲੋਕਾਂ ਨੇ ਉਸ ਨੂੰ ਫੜ ਲਿਆ ਤੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸ ਤੋਂ ਬਾਅਦ ਉਸ ਨੂੰ ਬਾਥਰੂਮ ਵਿੱਚ ਬੰਦ ਕਰ ਦਿੱਤਾ ਤੇ ਪੁਲਿਸ ਨੂੰ ਸੂਚਨਾ ਦਿੱਤੀ। ਮਾਮਲਾ ਗੰਭੀਰ ਹੋਣ ਕਾਰਨ ਪੀਸੀਆਰ ਮੁਲਾਜ਼ਮ ਮੌਕੇ 'ਤੇ ਪੁੱਜੇ। ਪੁਲਿਸ ਮੁਲਾਜ਼ਮ, ਮੁਲਜ਼ਮ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਕੇ ਥਾਣੇ ਲੈ ਗਏ। ਥਾਣਾ ਸਿਟੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਬਾਬਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸ਼ਰਾਬ ਦੇ ਨਸ਼ੇ ਵਿੱਚ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋਇਆ ਵਿਅਕਤੀ ਪਿਛਲੇ ਕਾਫੀ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਉਸ ਨੇ ਦੱਸਿਆ ਕਿ ਉਸ ਦੇ ਘਰ ਵਿੱਚ ਕੋਈ ਪਰੇਸ਼ਾਨੀ ਹੈ, ਇਸੇ ਪ੍ਰੇਸ਼ਾਨੀ ਕਾਰਨ ਉਹ ਸ਼ਰਾਬ ਦੇ ਨਸ਼ੇ ਵਿੱਚ ਗੁਰਦੁਆਰਾ ਸਾਹਿਬ ਆ ਗਿਆ ਅਤੇ ਹੰਗਾਮਾ ਕਰਨ ਲੱਗਾ।

## ਦਵਾਈ ਲੈਣ ਗਈ ਔਰਤ ਦਾ ਕਰ 'ਤਾ ਕਤਲ, ਲਾਸ਼ ਨਾਲ ਉਹ ਕੀਤਾ ਸੁਣ ਕੇ ਖੜ੍ਹੇ ਹੋ ਜਾਣਗੇ ਰੌਂਗਟੇ

**ਗੁਰਾਇਆ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਗੁਰਾਇਆ ਵਿਖੇ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਪਾਣੀ ਵਿੱਚੋਂ ਇਕ ਕੁੜੀ ਦੀ ਨਗਨ ਹਾਲਤ 'ਚ ਲਾਸ਼ ਬਰਾਮਦ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲਿਆਕਤ ਅਲੀ ਨੇ ਦੱਸਿਆ ਉਸਦੀ ਪਤਨੀ ਸ਼ਕੂਰਾ 17 ਨਵੰਬਰ ਐਤਵਾਰ ਨੂੰ ਦਵਾਈ ਲੈਣ ਲਈ ਪਿੰਡ ਅੱਸਾਹੂਰ ਫਿਲੌਰ ਤੋਂ ਆਈ ਸੀ, ਜੋ ਵਾਪਸ ਨਹੀਂ ਪਰਤੀ। ਇਸ ਦੌਰਾਨ ਪਤਨੀ ਨੂੰ ਫੋਨ ਵੀ ਕੀਤੇ ਤਾਂ ਉਸਦਾ ਫੋਨ ਐਤਵਾਰ ਸ਼ਾਮ ਨੂੰ ਬੰਦ ਆਉਣ ਲੱਗ ਪਿਆ ਜਿਸ ਤੋਂ ਬਾਅਦ ਉਨ੍ਹਾਂ ਨੇ ਉਸਦੀ ਗੁਮਸ਼ੁਦਗੀ ਦੀ ਰਿਪੋਰਟ ਫਿਲੌਰ ਥਾਣੇ ਵਿੱਚ ਕੀਤੀ। ਪਰਿਵਾਰ ਨੂੰ ਕਿਸੇ ਵਿਅਕਤੀ 'ਤੇ ਸ਼ੱਕ ਵੀ ਸੀ ਜਿਸ ਤੋਂ ਬਾਅਦ ਸੋਮਵਾਰ ਨੂੰ ਪਿੰਡ ਦੇ ਮੋਹਤਵਰਾਂ ਤੇ ਪਿੰਡ ਵਾਸੀਆਂ ਨੇ ਪੁਲਸ ਨੂੰ ਅਤੇ ਗ੍ਰਾਮ ਪੰਚਾਇਤ ਨੂੰ ਇਸ ਬਾਰੇ ਦੱਸਿਆ। ਜਦੋਂ ਸ਼ੱਕੀ ਵਿਅਕਤੀ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਸਨੇ ਉਸ ਦੀ ਪਤਨੀ ਦਾ ਕਤਲ ਕਰਕੇ ਲਾਸ਼ ਨੂੰ ਗੁਰਾਇਆ ਵਿਖੇ ਪਾਣੀ ਵਿੱਚ ਸੁੱਟ ਦਿੱਤਾ ਹੈ। ਜਿਸ ਤੋਂ ਬਾਅਦ ਪੁਲਸ ਨੇ ਦੋਸ਼ੀ ਵਿਅਕਤੀ ਦੀ ਨਿਸ਼ਾਨਦੇਹੀ 'ਤੇ ਪਾਣੀ ਵਿੱਚੋਂ ਲਾਸ਼ ਬਰਾਮਦ ਕੀਤੀ। ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ 'ਚ ਸਕੂਲ ਬੱਸ ਨਾਲ ਵਾਪਰਿਆ ਵੱਡਾ ਹਾਦਸਾ, ਨਹੀਂ ਦੇਖ ਹੁੰਦਾ ਬੱਚਿਆਂ ਦਾ ਹਾਲ



**ਬਰੇਟਾ/ਬੁਢਲਾਡਾ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਸਥਾਨਕ ਸ਼ਹਿਰ ਦੇ ਜਾਖਲ ਬਰੇਟਾ ਰੋਡ 'ਤੇ ਪੁੱਲ ਦੇ ਨਜ਼ਦੀਕ ਇਕ ਕਾਰ ਜੋ ਕਰਾਸ ਕਰਕੇ ਪੁੱਲ ਵੱਲ ਆ ਰਿਹਾ ਸੀ ਜਿਸ ਨੇ ਬੱਚਿਆਂ ਨਾਲ ਭਰੀ ਸਕੂਲ ਵੈਨ ਨੂੰ ਟੱਕਰ ਮਾਰ ਦਿੱਤੀ। ਇਸ ਵਿਚ ਲਗਭਗ 1 ਦਰਜਨ ਦੇ ਕਰੀਬ ਬੱਚੇ, ਡਰਾਈਵਰ ਅਤੇ ਸਕੂਲ ਦੀ ਇਕ ਮਹਿਲਾ ਮੁਲਾਜ਼ਮ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਸਰਕਾਰੀ ਹਸਪਤਾਲ ਬੁਢਲਾਡਾ 'ਚ ਦਾਖਲ ਕਰਵਾਇਆ ਗਿਆ ਹੈ। ਜਿੱਥੇ ਡੀ.ਐੱਸ.ਪੀ. ਬੁਢਲਾਡਾ ਗਮਦੂਰ ਸਿੰਘ ਚਹਿਲ ਅਤੇ ਐੱਸ.ਐੱਚ.ਓ. ਸਿਟੀ ਸੁਖਜੀਤ ਸਿੰਘ ਮੌਕੇ 'ਤੇ ਪਹੁੰਚੇ ਅਤੇ ਜ਼ਖਮੀਆਂ ਨਾਲ ਗੱਲਬਾਤ ਕਰਦਿਆਂ ਡਾਕਟਰਾਂ ਨੂੰ ਹਦਾਇਤ ਕੀਤੀ ਗਈ ਇਨ੍ਹਾਂ ਦੇ ਇਲਾਜ ਵਿਚ ਕੋਈ ਕਮੀ ਨਾ ਛੱਡੀ ਜਾਵੇ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬਰੇਟਾ ਦੇ ਬੀ.ਐੱਮ.ਡੀ. ਸਕੂਲ ਦੀ ਇਕ ਵੈਨ ਬੱਚਿਆਂ ਨੂੰ ਲੈ ਕੇ ਸਕੂਲ ਜਾ ਰਹੀ ਸੀ ਕਿ ਪੁੱਲ ਦੇ ਨਜ਼ਦੀਕ ਕਰਾਸ ਕਰਕੇ ਜਾ ਰਹੀ ਬਰੀਜਾ ਕਾਰ ਨੇ ਵੈਨ ਵਿਚ ਟੱਕਰ ਮਾਰ ਦਿੱਤੀ। ਇਸ ਵਿਚ ਵੈਨ ਦਾ ਡਰਾਈਵਰ ਸੁਖਪਾਲ ਸਿੰਘ (35), ਸਕੂਲ ਦੀ ਮਹਿਲਾ ਮੁਲਾਜ਼ਮ ਬਲਵੀਰ ਦੇਵੀ (50), ਵਿਦਿਆਰਥਣ ਨਵਜੋਤ ਕੌਰ (14), ਅਮਨਦੀਪ ਕੌਰ (12), ਮਨਵੀਰ ਸਿੰਘ (10), ਤਮੰਨਾ (3), ਵੰਸ਼ਿਕਾ (7), ਸ਼ਿਵਮ (6) ਅਤੇ ਗੁਰਲੀਨ ਕੌਰ (6) ਸਰਕਾਰੀ ਹਸਪਤਾਲ ਵਿਚ ਜੇਰੇ ਇਲਾਜ ਹਨ। ਦੂਸਰੇ ਪਾਸੇ ਬਰੀਜਾ ਕਾਰ ਦਾ ਡਰਾਈਵਰ ਯੋਗੇਸ਼ ਸ਼ਰਮਾ (45) ਅਤੇ ਉਸਦਾ ਪੁੱਤਰ ਵੀ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਨੇੜਲੇ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਐੱਸ.ਐੱਚ.ਓ ਬਰੇਟਾ ਅਮਰੀਕ ਸਿੰਘ ਨੇ ਘਟਨਾ ਦਾ ਜਾਇਜ਼ਾ ਲੈਂਦਿਆਂ ਕਾਰਵਾਈ ਦਾ ਭਰੋਸਾ ਦਿੱਤਾ।

## ਕੀ ਦਿੱਲੀ ਨੂੰ ਰਹਿਣਾ ਚਾਹੀਦਾ ਭਾਰਤ ਦੀ ਰਾਜਧਾਨੀ ?

**ਨਵੀਂ ਦਿੱਲੀ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਕਾਂਗਰਸ ਨੇਤਾ ਅਤੇ ਤਿਰੂਵਨੰਤਪੁਰਮ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਦਿੱਲੀ ਦੀ ਵਿਗੜਦੀ ਹਵਾ ਦੀ ਗੁਣਵੱਤਾ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ ਤੇ ਸਵਾਲ ਕੀਤਾ ਹੈ ਕਿ, ਕੀ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀ ਹਵਾ ਢਾਕਾ ਨਾਲੋਂ ਪੰਜ ਗੁਣਾ ਖ਼ਰਾਬ ਹੈ। ਦਿੱਲੀ ਦੇ ਲਗਾਤਾਰ ਵਿਗੜ ਰਹੇ ਮਾਹੌਲ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਉਨ੍ਹਾਂ ਨੇ ਸੋਸ਼ਲ ਮੀਡੀਆ ਹੈਂਡਲ ਐਕਸ 'ਤੇ ਲਿਖਿਆ, ਦਿੱਲੀ ਅਧਿਕਾਰਤ ਤੌਰ 'ਤੇ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਇੱਥੇ ਹਵਾ ਦਾ ਪੱਧਰ 4 ਗੁਣਾ ਖਤਰਨਾਕ ਹੈ ਤੇ ਇੱਥੋਂ ਦੀ ਹਵਾ ਦੂਜੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਢਾਕਾ ਨਾਲੋਂ ਲਗਭਗ ਪੰਜ ਗੁਣਾ ਜ਼ਿਆਦਾ ਪ੍ਰਦੂਸ਼ਿਤ ਹੈ। ਇਸ ਸਮੱਸਿਆ ਦੇ ਬਾਵਜੂਦ ਸਾਡੀਆਂ ਸਰਕਾਰਾਂ ਨੇ ਸਾਲਾਂ ਬੱਧੀ ਕੋਈ ਠੋਸ ਕਦਮ ਨਹੀਂ ਚੁੱਕਿਆ। ਸਵਾਲ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਹ ਸ਼ਹਿਰ ਨਵੰਬਰ ਤੋਂ ਜਨਵਰੀ ਤੱਕ ਸ਼ਹਿਰ ਰਹਿਣ ਯੋਗ ਨਹੀਂ ਹੁੰਦਾ ਤੇ ਬਾਕੀ ਸਾਲ ਵਿੱਚ ਵੀ ਬੜੀ ਮੁਸ਼ਕਿਲ ਨਾਲ ਰਿਹਾ ਜਾ ਸਕਦਾ ਹੈ। ਕੀ ਇਸ ਨੂੰ ਦੇਸ਼ ਦੀ ਰਾਜਧਾਨੀ ਰਹਿਣਾ ਚਾਹੀਦਾ ਹੈ ? ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸ਼ਸ਼ੀ ਥਰੂਰ ਨੇ ਦਿੱਲੀ ਦੇ ਹਵਾ ਪ੍ਰਦੂਸ਼ਣ ਨੂੰ ਲੈ ਕੇ ਕੇਂਦਰ 'ਤੇ ਨਿਸ਼ਾਨਾ ਸਾਧਿਆ ਹੈ। ਇਸ ਮਹੀਨੇ ਦੇ ਸ਼ੁਰੂ ਵਿਚ, ਜਦੋਂ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 462 'ਤੇ ਪਹੁੰਚ ਗਿਆ ਸੀ, ਤਾਂ ਉਨ੍ਹਾਂ ਨੇ 'ਪ੍ਰਦੂਸ਼ਣ ਦਿੱਲੀ', 'ਹਜਾ ਖਾਸ', 'ਧੂੰਆਂ ਕੂਆਂ' ਤੇ 'ਚਾਂਦਨੀ ਚੌਕ' ਦੇ ਨਾਂ ਨਾਲ ਵਿਅੰਗਮਈ ਸਾਈਨਬੋਰਡ ਸਾਂਝੇ ਕੀਤੇ ਸਨ। ਦਿੱਲੀ ਦੀ ਹਵਾ ਦੀ ਗੁਣਵੱਤਾ ਵਿੱਚ ਗਿਰਾਵਟ ਵਿਆਪਕ ਚਿੰਤਾ ਦਾ ਕਾਰਨ ਬਣਾਇਆ ਹੈ, ਖਾਸ ਤੌਰ 'ਤੇ ਸਰਦੀਆਂ ਦੇ ਮਹੀਨਿਆਂ ਵਿੱਚ ਜਦੋਂ ਰਾਸ਼ਟਰੀ ਰਾਜਧਾਨੀ ਅਕਸਰ ਦੁਨੀਆ ਵਿੱਚ ਸਭ ਤੋਂ ਖਰਾਬ ਹਵਾ ਦੀ ਗੁਣਵੱਤਾ ਨੂੰ ਰਿਕਾਰਡ ਕਰਦੀ ਹੈ।

## ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਵੱਡਾ ਝਟਕਾ, 3 ਵਾਰ ਵਿਧਾਇਕ ਰਹਿ ਚੁੱਕੇ ਸੀਨੀਅਰ ਆਗੂ ਨੇ ਦਿੱਤਾ ਅਸਤੀਫ਼ਾ

**ਤਰਨ-ਤਾਰਨ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਅਕਾਲੀ ਦਲ ਨੂੰ ਇਕ ਵਾਰ ਫ਼ਿਰ ਤੋਂ ਵੱਡਾ ਝਟਕਾ ਲੱਗਾ ਹੈ, ਜਦੋਂ ਤਰਨਤਾਰਨ ਤੋਂ ਪਾਰਟੀ ਦੇ 2 ਵਾਰ ਵਿਧਾਇਕ ਰਹਿ ਚੁੱਕੇ ਸੀਨੀਅਰ ਆਗੂ ਹਰਮੀਤ ਸਿੰਘ ਸੰਧੂ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਇਕ ਚਿੱਠੀ ਲਿਖ ਕੇ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ, ਜਿਸ 'ਚ ਉਨ੍ਹਾਂ ਨੇ ਲਿਖਿਆ ਹੈ ਕਿ ਉਹ ਆਪਣੇ ਨਿੱਜੀ ਕਾਰਨਾਂ ਕਾਰਨ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਹਰਮੀਤ ਸਿੰਘ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਇਕ ਵਾਰ ਆਜ਼ਾਦ ਤੇ 2 ਵਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਵਿਧਾਇਕ ਰਹਿ ਚੁੱਕੇ ਹਨ। ਉਨ੍ਹਾਂ ਦੇ ਅਸਤੀਫ਼ੇ ਕਾਰਨ ਤਰਨਤਾਰਨ ਦੀ ਸਿਆਸਤ 'ਚ ਵੱਡਾ ਭੂਚਾਲ ਆ ਗਿਆ ਹੈ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ


| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL


**Khehra VAISHNO DHABA**

BREAKFAST / LUNCH / DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



## ਪੰਜਾਬੀ

### ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net


ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI




ਧੰਨ ਧੰਨ ਸ਼੍ਰੀ ਗੁਰੂ ਤੇਗ ਬਹਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ

# ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ

## ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ ਸਾਹਿਬ ਵਿਖੇ

ਮਿਤੀ 4 ਦਸੰਬਰ 2024 ਤੋਂ 6 ਦਸੰਬਰ 2024 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਉਚੇਚੇ ਤੌਰ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ । ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

4 ਦਸੰਬਰ 2024 ਦਿਨ ਬੁੱਧਵਾਰ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 10-00 ਵਜੇ

5 ਦਸੰਬਰ 2024 ਦਿਨ ਵੀਰਵਾਰ ਨਗਰ ਕੀਰਤਨ ਅਰੰਭ ਸਵੇਰੇ 8-00 ਵਜੇ

6 ਦਸੰਬਰ 2024 ਦਿਨ ਸ਼ੁੱਕਰਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 9-00 ਵਜੇ

**ਵਿਸ਼ੇਸ਼ ਬੇਨਤੀ** ਜਿਹਨਾਂ ਸੰਗਤਾਂ ਨੂੰ ਸਤਿਗੁਰ ਜੀ ਨੇ ਟਰੈਕਟਰ, ਟਰਾਲੀਆਂ, ਗੱਡੀਆਂ ਆਦਿ ਦੀ ਦਾਤ ਬਖ਼ਸ਼ੀ ਹੈ, ਉਹ ਨਗਰ ਕੀਰਤਨ ਵਿੱਚ ਆਪੋ ਆਪਣੇ ਸਾਧਨ ਲੈ ਕੇ ਸਮੂਲੀਅਤ ਕਰਨ ਜੀ ।

ਨੋਟ : ਮੋਟਰਸਾਈਕਲ ਲੈ ਕੇ ਆਉਣ ਵਾਲੇ ਨੌਜਵਾਨ ਕਿਸੇ ਤਰ੍ਹਾਂ ਦੀ ਕਰਤਬ ਬਾਜੀ ਨਾ ਕਰਨ ।

ਪ੍ਰੋਗਰਾਮ ਨਗਰ ਕੀਰਤਨ : ਮਿਤੀ 5 ਦਸੰਬਰ 2024, ਵੀਰਵਾਰ ਨੂੰ ਸਵੇਰੇ 8-00 ਵਜੇ ਗੁਰਦੁਆਰਾ ਧਮਤਾਨ ਸਾਹਿਬ ਤੋਂ ਅਰੰਭ ਹੋ ਕੇ ਲੋਨ, ਖਰਲ, ਪਿਪਲਥਾ, ਗੜ੍ਹੀ, ਦਾਤਾ ਸਿੰਘ ਵਾਲਾ, ਹੰਸਡੇਹਰ, ਢੰਢੋਲੀ, ਸ਼ੇਰਗੜ੍ਹ, ਖਨੌਰੀ, ਪਦਾਰਥ ਖੇੜਾ, ਰੇਵਰ, ਪਿਪਲਥਾ, ਢਾਬੀ ਟੇਕ ਸਿੰਘ ਅਤੇ ਰਸੀਦਾਂ ਹੁੰਦਾ ਹੋਇਆ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਪਹੁੰਚੇਗਾ । ਸਮਾਪਤੀ, ਗੁਰਦੁਆਰਾ ਧਮਤਾਨ ਸਾਹਿਬ ਵਿਖੇ ਸ਼ਾਮ 5-00 ਵਜੇ ਹੋਵੇਗੀ ।

ਪ੍ਰੋਗਰਾਮ : 6 ਦਸੰਬਰ 2024 ਦਿਨ ਸ਼ੁੱਕਰਵਾਰ
ਸਵੇਰੇ 9-00 ਤੋਂ 10-00 ਵਜੇ ਤੱਕ
ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਜੱਥਾ
ਗੁ: ਧਮਤਾਨ ਸਾਹਿਬ
10-00 ਤੋਂ 10-30 ਵਜੇ ਤੱਕ
ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ
ਗੁ: ਧਮਤਾਨ ਸਾਹਿਬ
10-30 ਤੋਂ 11-00 ਵਜੇ ਤੱਕ
ਭਾਈ ਚਰਨਜੀਤ ਸਿੰਘ ਕਥਾਵਾਚਕ
ਗੁ: ਧਮਤਾਨ ਸਾਹਿਬ
11-00 ਤੋਂ 12-30 ਵਜੇ ਤੱਕ
ਭਾਈ ਗੁਰਮੀਤ ਸਿੰਘ ਕਵੀਸ਼ਰ
ਧਰਮ ਪ੍ਰਚਾਰ ਕਮੇਟੀ।

ਅੰਮ੍ਰਿਤ ਸੰਚਾਰ : 6 ਦਸੰਬਰ 2024, ਦਿਨ ਸ਼ੁਕਰਵਾਰ ਸਮਾਂ 12 ਵਜੇ







**ਅੰਮ੍ਰਿਤ ਸੰਚਾਰ ਸੰਬੰਧੀ**
1. ਅੰਮ੍ਰਿਤ ਸੰਚਾਰ ਗੁਰਦੁਆਰਾ ਧਮਤਾਨ ਸਾਹਿਬ ਵਿਖੇ 12-00 ਵਜੇ ਹੋਵੇਗਾ ।
2. ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰ ਕੇ ਆਉਣ ਜੀ ।
3. ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ ।

ਸਮੂਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਮੈਨੇਜਰ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ (ਜੀਂਦ) ਹਰਿਆਣਾ

ਸੰਪਰਕ : ਭਾਈ ਹਰਵਿੰਦਰ ਸਿੰਘ ਦਨੌਲੀ (ਮੈਨੇਜਰ) 9991037375 ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ 9896166509 ਭਾਈ ਚਰਨਜੀਤ ਸਿੰਘ ਕਥਾਵਾਚਕ 9802947712 ਭਾਈ ਕਰਮਜੀਤ ਸਿੰਘ 7015967169 ਸ: ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ ਸਾਹਿਬਾਨ 9354100003



*ਸਾਬਤ ਸੂਰਤਿ ਦਸਤਾਰ ਸਿਰਾ*

## ਦਸਤਾਰਾਂ ਹੀ ਦਸਤਾਰਾਂ



# ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✦ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
**+91 98882-22446**



# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715I-28621

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹਿ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

## ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਸਬੰਧੀ

# ਆਜ਼ਾਦ ਫਰੰਟ ਪੰਜਾਬ

## ਵੱਲੋਂ

## ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟਰੀਟ ਵੁਲਵਰਹੈਂਪਟਨ ਵਿਖੇ

# ਸ਼ਹੀਦੀ ਸਮਾਗਮ

## 22 ਤੋਂ 24 ਨਵੰਬਰ 2024



**ਗੁਰੂ ਪਿਆਰੀ ਸਾਧ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।।**


ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ ਸੰਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਕਹਿਣੀ ਅਤੇ ਕਰਨੀ ਦੇ ਪੂਰੇ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦਿਵਸ **ਆਜ਼ਾਦ ਫਰੰਟ ਪੰਜਾਬ** ਦੇ ਸਾਰੇ ਹੀ ਸੇਵਾਦਾਰਾਂ ਵੱਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟਰੀਟ ਵੁਲਵਰਹੈਂਪਟਨ ਵਿਖੇ 22 ਨਵੰਬਰ ਤੋਂ 24 ਨਵੰਬਰ, 2024 ਤੱਕ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ।ਅਸੀਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਸ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਂਟ ਕਰੀਏ।

ਆਵਾਜ਼ਿ ਕੌਮ
AWAZE QAUM
International Newspaper & WEB TV

## ★ ਪ੍ਰੋਗਰਾਮ ★

ਆਰੰਭ ਸ੍ਰੀ ਅਖੰਡਪਾਠ ਸਾਹਿਬ 22 ਨਵੰਬਰ 2024
ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਆਖੰਡਪਾਠ ਸਾਹਿਬ 24 ਨਵੰਬਰ 2024
ਦਿਨ ਐਤਵਾਰ ਸਵੇਰੇ 10 ਵਜੇ

**ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ**



ਜਿਸ ਵਿੱਚ ਗੁਰਬਾਣੀ ਕੀਰਤਨ, ਕਥਾ ਤੋਂ ਬਾਅਦ ਗਿਆਨੀ ਗੱਜਣ ਸਿੰਘ ਗੜਗੱਜ ਦਾ ਢਾਡੀ ਜੱਥਾ ਬਾਬਾ ਜੀ ਦੇ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ।

**ਤਿੰਨੋ ਦਿਨ ਹੀ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

**ਗੁਰਦੁਆਰਾ ਸਾਹਿਬ ਦਾ ਪਤਾ**
Guru Nanak Sikh Gurdwara
SEDGLEY Street
Wolverhampton WV2 3AJ
Mob. : 0738 731 7178

ਖਾਲਸਾ ਪੰਥ ਦੇ ਸੇਵਾਦਾਰ
**ਆਜਾਦ ਫਰੰਟ ਪੰਜਾਬ**




## ★ ਪੰਥ ਦੇ ਸੇਵਾਦਾਰ ★

ਭਾਈ ਜਸਪਾਲ ਸਿੰਘ ਨਿੱਝਰ
ਭਾਈ ਪ੍ਰਭਜੀਤ ਸਿੰਘ ਔਲਖ
ਭਾਈ ਹਰਜੀਤ ਸਿੰਘ ਢਿੱਲੋਂ
ਭਾਈ ਗੁਰਬਿੰਦਰ ਸਿੰਘ ਗਿੱਲ
ਭਾਈ ਜੋਗਾ ਸਿੰਘ ਬਸੀ

ੴ ਸਤਿਗੁਰ ਪ੍ਰਸਾਦਿ ॥

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਆਪ ਸਭ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕਰ ਰਹੇ ਹਾਂ ਕਿ

# ਸਵ. ਸਰਦਾਰ ਕੁਲਵੰਤ ਸਿੰਘ ਰਾਜੋਆਣਾ

(ਵੱਡੇ ਭਾਈ ਜ਼ਿੰਦਾ ਸ਼ਹੀਦ ਸ. ਬਲਵੰਤ ਸਿੰਘ ਰਾਜੋਆਣਾ)

**04 ਨਵੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਸਨ।**

ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਖਵਾਏ

**ਸ੍ਰੀ ਸਹਿਜ ਪਾਠ ਦੇ ਭੋਗ ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ**
**20 ਨਵੰਬਰ 2024 (ਬੁੱਧਵਾਰ), ਸਮਾਂ: 11:00 ਤੋਂ 01:00 ਵਜੇ**

ਗੁਰਦੁਆਰਾ ਮੰਜੀ ਸਾਹਿਬ, ਰਾਜੋਆਣਾ ਕਲਾਂ (ਲੁਧਿਆਣਾ) ਵਿਖੇ ਹੋਵੇਗੀ।

ਜ਼ਿੰਦਾ ਸ਼ਹੀਦ ਸ. ਬਲਵੰਤ ਸਿੰਘ ਰਾਜੋਆਣਾ ਅਤੇ ਸਮੂਹ ਰਾਜੋਆਣਾ ਪਰਿਵਾਰ ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਆਪ ਸਭ ਸੰਗਤ ਨੂੰ ਬੇਨਤੀ ਕਰਦਾ ਹੈ।

*ਸਮੂਹ ਰਾਜੋਆਣਾ ਪਰਿਵਾਰ*

95017-52007, 94637-46147

**ਜਾਰੀ ਕਰਤਾ:- ਭਾਈ ਪ੍ਰਗਟ ਸਿੰਘ ਜਰਮਨੀ, ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ, ਭਾਈ ਸੁਰਿੰਦਰ ਸਿੰਘ ਠੀਕਰੀਵਾਲਾ, ਭਾਈ ਗੁਰਜੰਟ ਸਿੰਘ ਨਾਗੋਕੇ, ਭਾਈ ਕੁਲਦੀਪ ਸਿੰਘ ਨਾਗੋਕੇ**

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

**ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

**ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ**

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਿੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਅੰਮ੍ਰਿਤ ਛਕੋ
ਪਰਉਪਕਾਰੀ ਭਾਈ ਲੱਧਾ ਜੀ ਦੀ ਯਾਦ ਵਿੱਚ ਅਤੇ ਬ੍ਰਹਮ ਗਿਆਨੀ ਬਾਪੂ ਖੁਸ਼ਾ ਸਿੰਘ ਜੀ ਦੀ ਸਲਾਨਾ ਬਰਸੀ ਨੂੰ ਸਮਰਪਿਤ
ਅੰਮ੍ਰਿਤ ਛਕੋ
ਸਲਾਨਾ ਗੁਰਮਤਿ ਸਮਾਗਮ
6 ਦਸੰਬਰ (21 ਮੱਘਰ) 2024 ਦਿਨ ਸ਼ੁਕਰਵਾਰ
ਸਮਾਂ : ਸਵੇਰੇ 10 ਵਜੇ
ਗੁਰਵਿੰਦਰ ਸਿੰਘ ਲਹੌਰੀਏ ਦਾ ਕਵੀਸ਼ਰੀ ਜੱਥਾ
ਕਬੱਡੀ ਐਕਸ਼ਨ ਸਟਾਰ
ਛੋਟੇ ਸੁਪਰ ਸਟਾਰਾਂ ਦੀ ਕਬੱਡੀ ਸ਼ਾਮ:3:00 ਵਜੇ
ਮੋ: 94634-27380, 98777-07918,
ਆਵਾਜ਼ਿ ਕੌਮ AWAZE QAUM TV
ਲਾਈਵ ਪ੍ਰੋਗਰਾਮ ਸਾਰਾ ਦਿਨ ਚੱਲੇਗਾ
ਅਜੀਤ ਪੌਦ ਨਰਸਰੀ
ਜਾਰੀ ਕਰਤਾ: ਭਾਈ ਸਰਬਜੀਤ ਸਿੰਘ ਵੱਲੀਆਂ, ਜਿਲ੍ਹਾ ਪ੍ਰੈਸ ਸਕੱਤਰ, ਮੋ: 75278-45340




ਤੇਰੇ ਜਨ ਪਰਉਪਕਾਰੀ ਆਏ
ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ
100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ
51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ
ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ
ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।
ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473
ਵਿਸ਼ੇਸ਼ ਸਹਿਯੋਗ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਮਹੰਤ ਕਾਹਨ ਸਿੰਘ ਸੇਵਾਪੰਥੀ
ਸੰਤ ਰਣਜੀਤ ਸਿੰਘ ਸੇਵਾਪੰਥੀ
ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ੴ

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ"

# ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੇ ਸਬੰਧ ਵਿਚ

# ਮਹਾਨ ਗੁਰਮਤਿ ਸਮਾਗਮ

**ਮਿਤੀ 23 ਨਵੰਬਰ 2024 (ਸ਼ਨੀਵਾਰ) ਨੂੰ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤਕ**

**ਗੁਰਦੁਆਰਾ ਸਿੰਘ ਸਭਾ, ਬਾਸਪੁਰ, ਆਰ. ਐਸ. ਪੁਰਾ, ਜੰਮੂ ਵਿਖੇ ਕਰਵਾਇਆ ਜਾ ਰਿਹਾ ਹੈ।**

## ਵਿਸ਼ੇਸ਼ ਤੌਰ ਤੇ ਪਹੁੰਚ ਰਹੀਆਂ ਸ਼ਖਸੀਅਤਾਂ



ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਚੈਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਜਥੇਦਾਰ ਭੁਪਿੰਦਰ ਸਿੰਘ ਅਸੰਧ, ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਜਥੇਦਾਰ ਸਿਕੰਦਰ ਸਿੰਘ ਵਰਾਣਾ, ਇੰਚਾਰਜ ਧਰਮ ਪ੍ਰਚਾਰ ਸਬ ਦਫਤਰ ਗੁਰਦੁਆਰਾ ਨਾਢਾ ਸਾਹਿਬ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰ ਸਰਬਜੀਤ ਸਿੰਘ, ਜੰਮੂ ਸਕੱਤਰ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਪ੍ਰਚਾਰਕ ਗਿਆਨੀ ਮਨਪ੍ਰੀਤ ਸਿੰਘ ਜਨਸੂਆ

ਪ੍ਰਚਾਰਕ ਭਾਈ ਇੰਦਰਪਾਲ ਸਿੰਘ ਜੀ

ਕਥਾਵਾਚਕ ਭਾਈ ਸ਼ੁਭਦੀਪ ਸਿੰਘ (ਬਿਲੋਣਾ) ਗੁਰਦੁਆਰਾ ਸਾਹਿਬ ਪਾ:੧੦ ਨਾਢਾ ਸਾਹਿਬ

ਢਾਡੀ ਜੱਥਾ ਗਿਆਨੀ ਲਖਵਿੰਦਰ ਸਿੰਘ ਪਾਰਸ

ਰਾਗੀ ਜੱਥਾ ਭਾਈ ਦਲਜੀਤ ਸਿੰਘ ਜੀ ਗੁ: ਬਾਲਾ ਪ੍ਰੀਤਮ, ਤ੍ਰਿਕੁਟਾ ਨਗਰ, ਜੰਮੂ

ਪ੍ਰਚਾਰਕ ਭਾਈ ਬਲਵੰਤ ਸਿੰਘ ਜੀ ਖਾਲਸਾ ਬਾਸਪੁਰ ਵਾਲੇ

ਆਵਾਜ਼ਿ ਕੌਮ AWAZE QAUM International Newspaper & WEB TV

ਸਮੂਹ ਮਾਈ-ਭਾਈ ਸੰਗਤ ਪ੍ਰਤੀ ਬੇਨਤੀ ਹੈ ਕਿ ਦਿਤੇ ਸਮੇਂ ਅਨੁਸਾਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**LIVE ON**

ਇੱਕ ਬਾਣੀ IK BANI | ਹੌਂਦ HOND DIGITAL MEDIA | ਨੀਰੋਲ ਗੁਰਬਾਣੀ NIROL GURBANI Follow us on : M. 9697017025 | ਆਪਸੀ ਸਾਂਝ ਟੀਵੀ AAPSI SAANJH | ਖਾਲਸਾ ਟੀ ਵੀ (ਜੰਮੂ) KHALSA TV (JAMMU)

ਵਲੋਂ:- ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਗੁਰਦੁਆਰਾ ਸਿੰਘ ਸਭਾ, ਬਾਸਪੁਰ, ਆਰ. ਐਸ. ਪੁਰਾ, ਜੰਮੂ

ATTAR PRINTERS # 9419190263





### ਬੀਬੀ ਰਸ਼ਿਪੰਦਰ ਕੌਰ ਗਿੱਲ ਨੇ ਕਿਤਾਬ ਸੰਘਰਸ਼ ਦਾ ਦੌਰ ਸ.ਸਿਮਰਨਜੀਤ ਸਿੰਘ ਮਾਨ ਨੂੰ ਕੀਤੀ ਅਰਪਿਤ


# "ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਇਸ ਕਿਤਾਬ ਵਿੱਚ ਸ਼ਹੀਦਾਂ, ਕਾਤਲ ਪੁਲਸੀਆਂ ਅਤੇ ਪੁਲਿਸ ਕੈਟਾਂ ਬਾਰੇ ਕੀਤੇ ਹਨ ਅਹਿਮ ਖੁਲਾਸੇ"

ਬਰਨਾਲਾ-ਜਿਮਨੀ ਚੋਣਾਂ ਦੇ ਮਾਹੌਲ ਦੌਰਾਨ ਰਾਜਨੀਤਿਕ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਜੋਰਾਂ ਤੇ ਹੋ ਰਿਹਾ ਹੈ। ਬਰਨਾਲਾ ਤੋਂ ਸ.ਸਿਮਰਨਜੀਤ ਸਿੰਘ ਮਾਨ ਦਾ ਦੋਹਤਾ ਸ.ਗੋਵਿੰਦ ਸਿੰਘ ਚੋਣ ਲੜ ਰਿਹਾ ਹੈ। ਜਿਸ ਬਾਰੇ ਲੋਕਾਂ ਵਿੱਚ ਬਹੁਤ ਉਤਸ਼ਾਹ ਹੈ। ਚੋਣ ਪ੍ਰਚਾਰ ਦੌਰਾਨ ਹੀ ਸ.ਸਿਮਰਨਜੀਤ

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੰਘ ਮਾਨ ਨੂੰ ਭਾਰਤ ਸਰਕਾਰ ਨੂੰ ਵੱਖ-ਵੱਖ ਕੇਸਾਂ ਵਿੱਚ ਲੋੜੀਂਦੇ ਜੁਝਾਰੂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੁਆਰਾ ਲਿਖੀ ਗਈ ਕਿਤਾਬ ਸੰਘਰਸ਼ ਦਾ ਦੌਰ ਭੇਂਟ ਕੀਤੀ ਗਈ ਹੈ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵੱਲੋਂ ਆਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ-ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ। ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ, ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਣਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ। ਝੂਠੀਆਂ ਕਹਾਣੀਆਂ ਬਣਾ-ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਤੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ-ਬੋਲ ਸਿੱਖ ਦੁਸ਼ਮਣ



ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਪ੍ਰਕਾਸ਼ਿਤ ਕੀਤੀ ਕਿਤਾਬ "ਸੰਘਰਸ਼ ਦਾ ਦੌਰ"ਸ੍ਰ ਸਿਮਰਨਜੀਤ ਸਿੰਘ ਮਾਨ ਨੂੰ ਭੇਂਟ ਕੀਤੀ

ਲਾਬੀ ਨੂੰ ਖੁਸ਼ ਕਰ ਰਹੇ ਹਨ। ਸਰਕਾਰ ਪੱਖੀ ਇਸ ਵਰਤਾਰੇ ਦਾ ਟਾਕਰਾ ਕਰਦਿਆਂ ਅਤੇ ਸਿੱਖ ਸੰਘਰਸ਼ ਦੀ ਅਸਲ ਤਸਵੀਰ ਪੇਸ਼ ਕਰਦੀ ਹੋਈ ਕਿਤਾਬ "ਸੰਘਰਸ਼ ਦਾ ਦੌਰ" ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਗਈ ਹੈ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੇ ਪ੍ਰਧਾਨ ਬੀਬੀ ਰਸ਼ਿਪੰਦਰ ਕੌਰ ਗਿੱਲ ਵੱਲੋਂ ਸੰਪਾਦਤ ਕੀਤੀ ਗਈ ਹੈ। ਕਿਤਾਬ ਸੰਘਰਸ਼ ਦਾ ਦੌਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਨੂੰ ਅਰਪਿਤ ਕੀਤੀ ਗਈ। ਜਿਕਰਯੋਗ ਹੈ ਕਿ ਬੀਬੀ ਰਸ਼ਿਪੰਦਰ ਕੌਰ ਗਿੱਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਪੰਜਾਬ ਦੇ ਜਨਰਲ ਸਕੱਤਰ ਵੀ ਹਨ। ਜਿਹਨਾਂ ਨੇ ਇਸ ਕਿਤਾਬ ਬਾਰੇ ਆਖਿਆ ਕਿ ਇਸ ਵਿੱਚ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਉਹਨਾਂ ਘਟਨਾਵਾਂ ਦਾ ਜਿਕਰ ਕੀਤਾ ਹੈ ਜੋ ਉਹਨਾਂ ਅੱਖੀਂ ਵੇਖੀਆਂ ਅਤੇ ਹੱਡੀਂ ਹੰਢਾਈਆਂ ਹਨ। ਭਾਵੇਂ ਸਿੱਖ ਸੰਘਰਸ਼ ਨਾਲ ਸਬੰਧਿਤ ਹੋਰ ਵੀ ਕਿਤਾਬਾਂ ਮਾਰਕੀਟ ਵਿੱਚ ਆ ਚੁੱਕੀਆਂ ਹਨ ਪਰ ਜਿਆਦਾ ਤਰ ਲੇਖਕਾਂ ਨੇ ਪੁਲਿਸ ਅਧਿਕਾਰੀਆਂ ਅਤੇ ਮੁਖਬਰਾਂ ਦੇ ਸਪੱਸ਼ਟ ਨਾਮ ਲਿਖਣ ਤੋਂ ਗੁਰੇਜ ਕੀਤਾ ਹੈ ਜਦਕਿ ਇਸ ਕਿਤਾਬ ਵਿੱਚ ਸਿੱਖਾਂ ਤੇ ਜ਼ੁਲਮ ਕਰਨ ਵਾਲੇ ਕਾਤਲ ਪੁਲਸੀਆਂ ਦੀ ਬਕਾਇਦਾ ਲਿਸਟ ਹੈ ਅਤੇ ਪੁਲਿਸ ਦੇ ਕਈ ਕੈਟਾਂ ਦਾ ਵੇਰਵਾ ਦਰਜ ਹੈ। ਸਿੱਖ ਬਜੁਰਗਾਂ, ਸਿੱਖ ਮਾਤਾਵਾਂ ਵਿੱਚ ਸਿੱਖ ਜੁਝਾਰੂਆਂ ਪ੍ਰਤੀ ਪਿਆਰ, ਸਨੇਹ ਅਤੇ ਸਤਿਕਾਰ ਦੀਆਂ ਹੱਡ ਬੀਤੀਆਂ ਦਰਜ ਹਨ।ਸੰਯੁਕਤ ਅਕਾਲੀ ਦਲ ਜਿਸਦੇ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਅਤੇ ਕਨਵੀਨਰ ਬਾਬਾ ਜੁਗਿੰਦਰ ਸਿੰਘ ਜੀ (ਪਿਤਾ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ) ਸਨ। ਉਸ ਸੰਯੁਕਤ ਅਕਾਲੀ ਦਲ ਵੱਲੋਂ 1985 ਦੌਰਾਨ ਪੰਜਾਬ ਵਿਧਾਨ ਸਭਾ ਦੀ ਚੋਣਾਂ ਦੇ ਬਾਈਕਾਟ ਦੀ ਦਾਸਤਾਨ ਵੀ ਇਸ ਕਿਤਾਬ ਵਿੱਚ ਹੈ।ਸ.ਸਿਮਰਨਜੀਤ ਸਿੰਘ ਮਾਨ ਨੇ ਕਿਤਾਬ ਸੰਘਰਸ਼ ਦਾ ਦੌਰ ਪ੍ਰਾਪਤ ਕਰਦਿਆਂ ਜਾਰੀ ਕੀਤੇ ਵੀਡੀਓ ਸੰਦੇਸ਼ ਵਿੱਚ ਜਿੱਥੇ ਇਸ ਕਿਤਾਬ ਦੇ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਸ਼ਲਾਘਾ ਕੀਤੀ ਉੱਥੇ ਘੱਲੂਘਾਰਾ ਜੂਨ 1984 ਬਾਰੇ ਵੀ ਇੱਕ ਕਿਤਾਬ ਲਿਖਣ ਲਈ ਆਖਿਆ। ਬੀਬੀ ਰਸ਼ਿਪੰਦਰ ਕੌਰ ਗਿੱਲ ਨੇ ਦੱਸਿਆ ਕਿ ਇਸ ਕਿਤਾਬ ਨੂੰ ਪੰਥਕ ਹਲਕਿਆਂ ਵਿੱਚ ਭਾਰੀ ਹੁੰਗਾਰਾ ਮਿਲ ਰਿਹਾ ਹੈ।




### ਅਵਿਨਾਸ਼ ਮੀਤੇ ਨੇ ਸੋਨ ਤੇ ਮੀਨਾ ਦੇਵੀ ਨੇ ਚਾਂਦੀ ਦੇ ਤਗਮੇ ’ਤੇ ਕੀਤਾ ਕਬਜ਼ਾ

# ਜੰਮੂ ਆਲ ਇੰਡੀਆ ਇੰਟਰ ਯੂਨੀਵਰਸਿਟੀ ਤਲਵਾਰਬਾਜ਼ੀ ਚੈਂਪੀਅਨਸ਼ਿਪ ’ਚ ਗੁਰੂ ਕਾਸ਼ੀ ਯੂਨੀਵਰਸਿਟੀ ਰਹੀ ਓਵਰਆਲ ਫਸਟ ਰਨਰ ਅੱਪ

**ਤਲਵੰਡੀ ਸਾਬੋ, 18 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਜੰਮੂ ਯੂਨੀਵਰਸਿਟੀ, ਜੰਮੂ ਵਿਖੇ ਸਮਾਪਤ ਹੋਈ ਆਲ ਇੰਡੀਆ ਇੰਟਰ ਯੂਨੀਵਰਸਿਟੀ ਤਲਵਾਰਬਾਜ਼ੀ ਚੈਂਪੀਅਨਸ਼ਿਪ (ਲੜਕੇ ਤੇ ਲੜਕੀਆਂ)-2024-25 ‘ਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਤਲਵਾਰਬਾਜ਼ਾਂ ਨੇ ਅਵੱਲ ਦਰਜੇ ਦੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ 2 ਸੋਨ, 2 ਚਾਂਦੀ ਤੇ 1 ਕਾਂਸੇ ਦਾ ਤਗਮਾ ਜਿੱਤ ਕੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਤਲਵਾਰਬਾਜ਼ੀ ਚੈਂਪੀਅਨਸ਼ਿਪ 2024-25 ਦਾ ਓਵਰਆਲ ਫਸਟ ਰਨਰਅੱਪ ਹੋਣ ਦਾ ਖਿਤਾਬ ਹਾਸਲ ਕੀਤਾ। ਇਸ ਸ਼ਾਨਾਮੱਤੀ ਪ੍ਰਾਪਤੀ ‘ਤੇ ਚਾਂਸਲਰ ਗੁਰਲਾਭ ਸਿੰਘ ਸਿੱਧੂ ਤੇ ਮੈਨੇਜ਼ਿੰਗ ਡਾਇਰੈਕਟਰ ਸੁਖਰਾਜ ਸਿੰਘ ਸਿੱਧੂ ਨੇ ਖਿਡਾਰੀਆਂ ਨੂੰ ਵਧਾਈ ਦਿੰਦੇ ਅਤੇ ਆਸ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਯੁਵਾ ਖਿਡਾਰੀ ਆਪਣੇ ਖੇਡ ਕੌਸ਼ਲ ਕਾਰਨ ਭਵਿੱਖ ਵਿੱਚ ਅੰਤਰ-ਰਾਸ਼ਟਰੀ ਪੱਧਰ ਤੇ ਭਾਰਤ, ਯੂਨੀਵਰਸਿਟੀ ਅਤੇ ਇਲਾਕੇ ਦਾ ਨਾਮ ਰੋਸ਼ਨ ਕਰਨਗੇ।ਉਨ੍ਹਾਂ ਖਿਡਾਰੀਆਂ ਨੂੰ ਆਪਣੇ

ਆਵਾਜ਼ਿ ਕੌਮ AWAZE QAUM International Newspaper & WEB TV

ਖੇਡ ਪੱਧਰ ਨੂੰ ਉੱਚਾ ਚੁੱਕਣ ਲਈ ਵਰਸਿਟੀ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦੇ ਵਾਅਦੇ ਨੂੰ ਦੁਹਰਾਇਆ ਅਤੇ ਸਫਲਤਾ ਦਾ ਸਿਹਰਾ ਡਾ. ਰਾਜ ਕੁਮਾਰ ਸ਼ਰਮਾ, ਡਾਇਰੈਕਟਰ ਸਪੋਰਟਸ, ਅਮਨਦੀਪ ਕੌਰ ਕੋਚ, ਖਿਡਾਰੀਆਂ ਦੀ ਮਿਹਨਤ ਅਤੇ ਸਮਰਪਣ ਨੂੰ ਦਿੱਤਾ। ਡਾ. ਪੀਯੂਸ਼ ਵਰਮਾ, ਕਾਰਜਕਾਰੀ ਉਪ ਕੁਲਪਤੀ ਨੇ ਖਿਡਾਰੀਆਂ ਅਤੇ ਕੋਚ ਦੀ ਹੌਂਸਲਾ ਅਫ਼ਜਾਈ ਕਰਦੇ ਹੋਏ ਕਿਹਾ ਕਿ ਤਲਵਾਰਬਾਜ਼ੀ ਦੀ ਖੇਡ ਇਸ ਇਲਾਕੇ ਲਈ ਭਾਵੇਂ ਨਵੀਂ ਹੈ ਪਰ ਵਰਸਿਟੀ ਪ੍ਰਬੰਧਕਾਂ ਵੱਲੋਂ ਜੀ.ਕੇ.ਯੂ. ਵਿੱਚ ਸ਼ੁਰੂ ਕੀਤੀ ਤਲਵਾਰਬਾਜ਼ੀ ਅਕਾਦਮੀ ਨੇ ਇਸ ਖੇਡ ਨੂੰ ਇਲਾਕੇ ਵਿੱਚ ਹਰਮਨ ਪਿਆਰਾ ਬਣਾ ਦਿੱਤਾ ਹੈ।ਉਨ੍ਹਾਂ ਇਲਾਕੇ ਦੇ ਨੌਜਵਾਨਾਂ ਨੂੰ ਵਰਸਿਟੀ ਵੱਲੋਂ ਚਲਾਈਆਂ ਜਾ ਰਹੀਆਂ ਅਥਲੈਟਕਿਸ, ਤਲਵਾਰਬਾਜ਼ੀ ਅਤੇ ਤੀਰ ਅੰਦਾਜ਼ੀ ਅਕਾਦਮੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਕਿਹਾ। ਚੈਂਪੀਅਨਸ਼ਿਪ ਬਾਰੇ ਜਾਣਕਾਰੀ ਦਿੰਦਿਆਂ ਡਾ. ਸ਼ਰਮਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਭਾਰਤ ਦੀਆਂ ਲਗਭਗ 125 ਯੂਨੀਵਰਸਿਟੀਆਂ ਦੇ ਲਗਭਗ 1000 ਖਿਡਾਰੀਆਂ ਨੇ ਹਿੱਸਾ ਲਿਆ ਸੀ। ਜਿਸ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੀ ਫੁਆਇਲ ਟੀਮ (ਲੜਕੀਆਂ) ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਾਹਿਬ ਨੂੰ 14-11 ਦੇ ਅੰਤਰ ਨਾਲ ਹਰਾ ਕੇ ਚੈਂਪੀਅਨ ਹੋਣ ਦਾ ਰੁਤਬਾ ਹਾਸਿਲ ਕੀਤਾ। ਫੁਆਇਲ ਟੀਮ ਲੜਕਿਆਂ ਦੇ ਨੇੜਲੇ ਮੁਕਾਬਲੇ ਵਿੱਚ ਜੀ.ਕੇ.ਯੂ. ਦੇ ਖਿਡਾਰੀਆਂ ਨੂੰ ਚਾਂਦੀ ਦਾ ਤਗਮੇ ਨਾਲ ਸਬਰ ਕਰਨਾ ਪਿਆ। ਫੁਆਇਲ ਲੜਕੇ ਵਿਅਕਤੀਗਤ ਮੁਕਾਬਲੇ ਵਿੱਚ ਜੀ.ਕੇ.ਯੂ. ਦੇ ਖਿਡਾਰੀ ਅਵਿਨਾਸ਼ ਮੀਤੇ ਨੇ ਜੀ.ਐਨ.ਡੀ.ਯੂ. ਦੇ ਤਲਵਾਰਬਾਜ਼ ਹਰਸ਼ਲ ਨੂੰ 15-11 ਦੇ ਅੰਤਰ ਨਾਲ ਸ਼ਿਕਸਤ ਦੇ ਕੇ ਸੋਨ ਤਗਮੇ ‘ਤੇ ਕਬਜ਼ਾ ਕੀਤਾ ਤੇ ‘ਵਰਸਿਟੀ ਦੇ ਹੀ ਖਿਡਾਰੀ ਰਾਜੀਵ ਬੋਰੋ ਨੇ ਕਾਂਸੇ ਦਾ ਤਗਮਾ ਯੂਨੀਵਰਸਿਟੀ ਦੀ ਝੋਲੀ ਪਾਇਆ। ਫੁਆਇਲ ਲੜਕੀਆਂ ਦੇ ਸ਼ਾਨਦਾਰ ਤੇ ਨੇੜਲੇ ਮੁਕਾਬਲੇ ਵਿੱਚ ‘ਵਰਸਿਟੀ ਦੀ ਖਿਡਾਰਨ ਮੀਨਾ ਦੇਵੀ ਨੂੰ ਸੋਨੀਆ ਦੇਵੀ ਮਨੀਪੁਰ ਯੂਨੀਵਰਸਿਟੀ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਤੇ ਉਸਨੇ ਚਾਂਦੀ ਦਾ ਤਗਮਾ ਹਾਸਿਲ ਕੀਤਾ।ਡਾ. ਬਲਵਿੰਦਰ ਕੁਮਾਰ ਸ਼ਰਮਾ, ਡੀਨ ਫੈਕਲਟੀ ਆਫ਼ ਫਿਜ਼ੀਕਲ ਐਜੂਕੇਸ਼ਨ ਨੇ ਇਸ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਤੇ ਵਰਸਿਟੀ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਪ੍ਰਾਪਤੀਆਂ ਵਰਸਿਟੀ ਵੱਲੋਂ ਖਿਡਾਰੀਆਂ ਨੂੰ ਦਿੱਤੀਆਂ ਜਾ ਰਹੀਆਂ ਖੇਡ ਸਹੂਲਤਾਂ, ਉੱਚ ਦਰਜੇ ਦੀ ਕੋਚਿੰਗ ਅਤੇ ਪਾਏਦਾਰ ਇੰਸਟਰੂਮੈਂਟ ਸਦਕਾ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਟੀਚੇ ਹੋਰ ਉੱਚੇ, ਸਖ਼ਤ ਮਿਹਨਤ ਅਤੇ ਲਗਾਤਾਰ ਅਭਿਆਸ ਕਰਨ ਲਈ ਪ੍ਰੇਰਿਤ ਕੀਤਾ।






# ਲੋਕਤੰਤਰ ਦੀ ਮੁੱਢਲੀ ਇਕਾਈ ਹੁੰਦੇ ਨੇ ਪਿੰਡ ਦੇ ਪੰਚ ਤੇ ਸਰਪੰਚ- ਵਿੱਤ ਮੰਤਰੀ ਹਰਪਾਲ ਚੀਮਾ

# ਵਿੱਤ ਮੰਤਰੀ ਨੇ ਪੰਚਾਇਤਾਂ ਨੂੰ ਜਮਹੂਰੀਅਤ ਦੀ ਦੱਸਿਆ ਨੀਂਹ, ਜ਼ਿਲ੍ਹੇ ਦੇ 2490 ਪੰਚਾਂ ਨੂੰ ਚੁਕਾਈ ਸਹੁੰ

**☛ਨਿਰਪੱਖ ਤੇ ਪਾਰਦਰਸ਼ੀ ਤਰੀਕੇ ਨਾਲ ਪੰਚਾਇਤੀ ਚੋਣਾਂ ਕਰਵਾਉਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਕੀਤੀ ਸ਼ਲਾਘਾ ☛ਪਿੰਡਾਂ ਨੂੰ ਨਸ਼ਾ ਮੁਕਤ ਕਰਨ ਦਾ ਦਿੱਤਾ ਸੱਦਾ ☛ਵਾਤਾਵਰਣ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਪੰਚਾਇਤਾਂ ਦੇਣ ਸਹਿਯੋਗ**










**ਬਠਿੰਡਾ, 19 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਲੋਕਤੰਤਰ ਦੀ ਮੁੱਢਲੀ ਇਕਾਈ ਪਿੰਡ ਦੇ ਪੰਚ ਅਤੇ ਸਰਪੰਚ ਹੁੰਦੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿੱਤ ਮੰਤਰੀ ਪੰਜਾਬ ਸ. ਹਰਪਾਲ ਸਿੰਘ ਚੀਮਾ ਨੇ ਸਥਾਨਕ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਹੁੰ ਚੁੱਕ ਸਮਾਗਮ ਦੌਰਾਨ ਜ਼ਿਲ੍ਹੇ ਦੇ 318 ਪਿੰਡਾਂ ਦੀਆਂ ਪੰਚਾਇਤਾਂ ਦੇ 2490 ਨਵੇਂ ਚੁਣੇ ਗਏ ਪੰਚਾਂ ਨੂੰ ਸਹੁੰ ਚੁਕਾਉਣ ਉਪਰੰਤ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ, ਵਿਧਾਇਕ ਰਾਮਪੁਰਾ ਸ਼੍ਰੀ ਬਲਕਾਰ ਸਿੰਘ ਸਿੱਧੂ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ ਸੁਖਬੀਰ ਸਿੰਘ ਮਾਈਸਰਖਾਨਾ, ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ, ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਆਦਿ ਹਾਜ਼ਰ ਸਨ। ਇਸ ਮੌਕੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਸਮਾਗਮ ਵਿੱਚ ਪੁੱਜੇ ਪੰਚਾਂ ਦਾ ਸਵਾਗਤ ਕੀਤਾ। ਵਿੱਤ ਮੰਤਰੀ ਸ ਚੀਮਾ ਨੇ ਪੰਚਾਇਤਾਂ ਨੂੰ ਜਮਹੂਰੀਅਤ ਦੀ ਨੀਂਹ ਦੱਸਦਿਆ ਕਿਹਾ ਕਿ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਫੈਸਲੇ ਗ੍ਰਾਮ ਸਭਾਵਾਂ ਵਿੱਚ ਲਏ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਭੇਜੀਆਂ ਜਾਣ ਵਾਲੀਆਂ ਗ੍ਰਾਂਟਾਂ ਦੀ ਸਹੀ ਢੰਗ ਨਾਲ ਵਰਤੋਂ ਯਕੀਨੀ ਬਣਾਉਣ ਤਾਂ ਜੋ ਪਿੰਡਾਂ ਦੇ ਵਿਕਾਸ ਕਰਕੇ ਉਨ੍ਹਾਂ ਨੂੰ ਹੋਰ ਤਰੱਕੀ ਦੀਆਂ ਲੀਹਾਂ ਵੱਲ ਲਿਜਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਪੰਚ, ਸਰਪੰਚ ਆਪਣੀ ਡਿਊਟੀ ਬਾਖੂਬੀ ਨਿਭਾਉਣ ਤਾਂ ਉਹ ਆਪਣੇ ਪਿੰਡਾਂ ਦੀ ਤਕਦੀਰ ਬਦਲ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਚਾਇਤਾਂ ਦੇ ਕੰਮਾਂ ਦੇ ਵੇਰਵਿਆਂ ਨੂੰ ਦੇਖਦਿਆਂ ਉਨ੍ਹਾਂ ਨੂੰ 5 ਲੱਖ ਰੁਪਏ ਦੀ ਸਪੈਸ਼ਲ ਗ੍ਰਾਂਟ ਵੀ ਦਿੱਤੀ ਜਾਵੇਗੀ ਅਤੇ ਸੂਬਾ ਸਰਕਾਰ ਪਿੰਡਾਂ ਦੀਆਂ ਪੰਚਾਇਤਾਂ ਨੂੰ ਹਰ ਨੇਕ ਕੰਮ ਲਈ ਪੂਰਨ ਸਹਿਯੋਗ ਦੇਵੇਗੀ। ਵਿੱਤ ਮੰਤਰੀ ਨੇ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਦਾ ਸੱਦਾ ਦਿੰਦਿਆਂ ਕਿਹਾ ਕਿ ਪਿੰਡਾਂ ਦੇ ਪੰਚਾਂ ਅਤੇ ਸਰਪੰਚਾਂ ਦੀ ਸਰਗਰਮ ਭੂਮਿਕਾ ਨਾਲ ਪੰਜਾਬ ਨੂੰ ਜਲਦੀ ਹੀ ਨਸ਼ਾ ਮੁਕਤ ਸੂਬਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਇਸ ਕਾਰਜ ਲਈ ਵਚਨਬੱਧ ਤੇ ਕਾਰਜਸੀਲ ਹੈ ਅਤੇ ਇਸ ਕੰਮ ਲਈ ਹਰ ਸੰਭਵ ਤੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਪੰਚਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਨੇਕ ਉਪਰਾਲੇ ਵਿੱਚ ਆਪਣਾ ਪੂਰਨ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਭਲਾਈ ਲਈ ਪੰਚ ਅਤੇ ਸਰਪੰਚਾਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਨਿਭਾਉਣ। ਉਨ੍ਹਾਂ ਇਹ ਵੀ ਕਿਹਾ ਕਿ ਪੰਚਾਇਤ ਹਰ ਫੈਸਲਾ ਪਿੰਡ ਵਾਸੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਲੈਣ ਤਾਂ ਹੀ ਪਿੰਡ ਦੇ ਸਰਬਪੱਖੀ ਵਿਕਾਸ ਵਿੱਚ ਪੰਚਾਇਤ ਆਪਣਾ ਅਹਿਮ ਰੋਲ ਅਦਾ ਕਰ ਸਕਦੀ ਹੈ। ਇਸ ਮੌਕੇ ਵਿੱਤ ਮੰਤਰੀ ਨੇ ਹਾਜ਼ਰੀਨ ਪੰਚਾਇਤਾਂ ਦੇ ਮੈਂਬਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਾਤਾਵਰਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਆਪਣੀਆਂ ਆਉਣ ਵਾਲੀਆਂ ਪੀੜੀਆਂ ਦੀ ਸੰਭਾਲ ਲਈ ਚੰਗਾ ਪਾਣੀ, ਸ਼ੁੱਧ ਹਵਾ ਨੂੰ ਬਰਕਰਾਰ ਰੱਖਣ। ਇਸ ਤੋਂ ਪਹਿਲਾ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ, ਵਿਧਾਇਕ ਰਾਮਪੁਰਾ ਸ਼੍ਰੀ ਬਲਕਾਰ ਸਿੰਘ ਸਿੱਧੂ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ ਸੁਖਬੀਰ ਸਿੰਘ ਮਾਈਸਰਖਾਨਾ ਵਲੋਂ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਪੰਜਾਬ ਦੀ ਤਰੱਕੀ ਤੇ ਵਿਕਾਸ ਲਈ ਕੀਤੀਆਂ ਜਾ ਰਹੀਆਂ ਕ੍ਰਾਂਤੀਕਾਰੀ ਉਪਲੱਬਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਇਕੱਤਰ ਪੰਚਾਂ, ਸਰਪੰਚਾਂ ਨੂੰ ਵੀ ਸੂਬੇ ਦੀ ਤਰੱਕੀ ਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਮਾਗਮ ਦੇ ਮੁੱਖ ਮਹਿਮਾਨ ਵਿੱਤ ਮੰਤਰੀ ਸ ਹਰਪਾਲ ਸਿੰਘ ਚੀਮਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਵਿੱਤ ਮੰਤਰੀ ਸ ਚੀਮਾ ਵਲੋਂ ਵਿਸ਼ਵ ਪਖਾਨਾ ਦਿਵਸ ਦੇ ਮੱਦੇਨਜ਼ਰ ਪੋਸਟਰ ਜਾਰੀ ਅਤੇ ਲਾਭਪਾਤਰੀਆਂ ਨੂੰ ਸਰਟੀਫਿਕੇਟਾਂ ਦੀ ਵੰਡ ਵੀ ਕੀਤੀ ਗਈ। ਇਸ ਦੌਰਾਨ ਪੰਚਾਇਤ ਅਫਸਰ ਸ ਗੁਰਜੀਵਨ ਸਿੰਘ ਨੇ ਪੰਚਾਇਤਾਂ ਦੇ ਕੰਮਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਸੁਖਰਾਜ ਸਿੰਘ ਢੱਡਿਆਂ ਵਾਲੇ ਕਵੀਸ਼ਰੀ ਜਥੇ ਨੇ ਆਪਣੀਆਂ ਬੀਰ ਰਸੀ ਵਾਰਾਂ ਤੇ ਕਵੀਸ਼ਰੀ ਰਾਹੀਂ ਸਮੂਹ ਹਾਜ਼ਰੀਨ ਨੂੰ ਨਿਹਾਲ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਬਠਿੰਡਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ. ਜਤਿੰਦਰ ਭੱਲਾ, ਚੇਅਰਮੈਨ ਸ਼ੂਗਰਫੈਡ ਪੰਜਾਬ ਸ. ਨਵਦੀਪ ਜੀਦਾ, ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ਼੍ਰੀ ਰਾਕੇਸ਼ ਪੁਰੀ, ਚੈਅਰਮੈਨ, ਜ਼ਿਲ੍ਹਾ ਯੋਜਨਾ ਬੋਰਡ ਸ਼੍ਰੀ ਅੰਮ੍ਰਿਤ ਲਾਲ ਅਗਰਵਾਲ, ਚੇਅਰਮੈਨ, ਆਬਕਾਰੀ ਤੇ ਕਰ ਵਿਭਾਗ ਸ਼੍ਰੀ ਅਨਿਲ ਠਾਕੁਰ, ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰ੍ਰੀਜ਼ ਡਿਵੈਲਪਮੈਂਟ ਬੋਰਡ ਸ਼੍ਰੀ ਨੀਲ ਗਰਗ, ਡਾਇਰੈਕਟਰ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਅਤੇ ਵਾਈਸ ਯੂਥ ਪ੍ਰਧਾਨ ਆਮ ਆਦਮੀ ਪਾਰਟੀ ਸ. ਅਮਰਦੀਪ ਸਿੰਘ ਰਾਜਨ, ਪੰਜਾਬ ਸ਼ਿਡਊਲ ਕਾਸਟ ਕਾਰਪੋਰੇਸ਼ਨ ਦੇ ਵਾਇਸ ਚੇਅਰਮੈਨ ਸ਼੍ਰੀ ਗੁਰਜੰਟ ਸਿੰਘ ਸਿਵੀਆ, ਸ਼ਹਿਰੀ ਪ੍ਰਧਾਨ ਸ ਸੁਰਿੰਦਰ ਸਿੰਘ ਬਿੱਟੂ, ਸਿਖਲਾਈ ਅਧੀਨ ਆਈਏਐਸ ਸ਼੍ਰੀ ਰਾਕੇਸ ਕੁਮਾਰ ਮੀਨਾ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਐਸਡੀਐਮ ਬਠਿੰਡਾ ਸ. ਬਲਕਰਨ ਸਿੰਘ ਮਾਹਲ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸ. ਗੁਰਪ੍ਰਤਾਪ ਸਿੰਘ ਗਿੱਲ ਤੋਂ ਇਲਾਵਾ ਹੋਰ ਪ੍ਰਮੁੱਖ ਸਖਸ਼ੀਅਤਾਂ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਖੇਤੀਬਾੜੀ ਖ਼ੇਤਰ ’ਚ

# ਜ਼ਮੀਨੀ ਪੱਧਰ ’ਤੇ ਖ਼ੇਤੀ ਕਰਨੀ ਔਖੀ ਜਾਂ ਸਮਝਣੀਂ ਔਖੀ ?



ਲੇਖਕ : ਕਮਲਇੰਦਰਜੀਤ ਬਾਜਵਾ, ਬਲਾਕ ਟੈੱਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ ਕਾਹਨੂੰਵਾਨ, ਜ਼ਿਲ੍ਹਾ - ਗੁਰਦਾਸਪੁਰ, ਮੋਬ : - 98150 - 82401

ਅੱਜ ਹਰ ਇੱਕ ਕਿਸਾਨ ਨਵੀਂ ਖੇਤੀ ਤੱਕਨੀਕ, ਦਵਾਈ ਜਾਂ ਨਵੇਂ ਬੀਜ਼ ਲੈਣ ਵਿੱਚ ਜਿੰਨੀ ਉਤਸੁੱਕਤਾ ਦਿਖਾਉਂਦਾ ਹੈ, ਭਾਵੇਂ ਉਹ ਮਹਿੰਗੀ ਹੋਵੇ ਜਾਂ ਸਸਤੀ, ਪਰ ਉਹਨੀਂ ਸੋਝੀ ਬੀਜ਼ ਤੋਂ ਲੈਕੇ ਸਪਰੇਅ ਖ਼ਾਦ, ਕੰਬਾਈਨ ਦੀ ਵਢਾਈ ਤੋਂ ਮੰਡੀ ਤੱਕ ਦਾਣਾ ਲੈਂ ਕੇ ਜਾਣ ਦਾ ਜੋਂ ਆਇਆ ਸਾਰਾ ਫ਼ਸਲ ਤੇ ਖ਼ਰਚ, ਉਸ ਖ਼ਰਚ ਨੂੰ ਕਾਪੀ ਤੇ ਲਿਖਣ ਵੱਲ ਨਹੀਂ ਟੁਰਦਾ। ਜੋਂ ਕਿ ਹਰੇਕ ਫਸਲ ਦੀ ਕਾਸ਼ਤ ਕਰਨ ਵਾਲੇ ਲਈ ਅਸਲ ਖੇਤੀ ਤੇ ਹੋਏ ਖ਼ਰਚ ਕੱਢ ਕੇ, ਜੋਂ ਬਾਕੀ ਬਚੇ ਪੈਸਿਆਂ ਨੂੰ ਉਸ ਦਾ ਅਸਲ ਝਾੜ ਵੱਜੋਂ ਜਾਣਨ ਸਮਝਣ ਦੀ ਅਹਿਮ ਲੋੜ ਹੈ, ਜਿਸ ਨਾਲ ਹੋਰ ਫਜ਼ੂਲ ਖੇਤੀ ਖ਼ਰਚੇ ਆਏਂ ਦਿਨਾਂ ਵਿੱਚ ਬਚਾਏਂ ਜਾ ਸਕਣ। ਤਜ਼ਰਬੇ ਦੇਖਦਿਆਂ ਕਈ ਸਮਝਦਾਰ ਭਰਾਂਵਾਂ ਵੱਲੋਂ ਹੌਸਲਾ ਕਰ ਕੇ ਅਗੇਤੀ ਬਿਜਾਈ ਨੂੰ ਖ਼ਾਦ ਦੀ ਕਿੱਲਤ ਦੇਖ਼ ਕੇ ਨਾ ਕੀਤੀ। ਕਈ ਕਿਸਾਨ ਕਹਿੰਦੇ ਦੇਖੇਂ ਕਿ ਯੂਰੀਆ ਮੈਂ ਥੋੜ੍ਹਾ ਲਿਆਂਦਾ ਤਾਂ ਜ਼ੋ ਹੋਰ ਕਿਸਾਨਾਂ ਨੂੰ ਤੰਗੀ ਨਾ ਆਵੇ। ਮੈਂ ਦੂਜੀ ਕਿਸ਼ਤ ਪਾਉਣ ਸਮੇਂ ਹੀ ਖ਼ਾਦ ਹੋਰ ਲਿਆਵਾਂਗਾ, ਤਦ ਕਿੱਲਤ ਖਤਮ ਹੋ ਜਾਂਣੀ ਹੈ ਨਾਲੇ ਮੈਨੂੰ ਜ਼ਲਦ ਚ ਵਧੇਰੇ ਪੈਸੇ ਧੋਣ ਤੇ ਗੋਡਾ ਰੱਖ ਕੇ ਲਗਾਉਣ ਦੀ ਲੋੜ ਨਹੀਂ , ਦੂਜੀ ਕਿਸ਼ਤ ਵੀ ਤੇ ਲੇਟ ਪੈਣੀਂ ਐ।

ਦੋਸਤੋ ਉੱਘੇ ਯੂਨਾਨੀ ਵਿਦਵਾਨ ਸੁਕਰਾਂਤ ਨੇ ਕਿਹਾ ਸੀ ਕਿ ਆਪਣੀ ਦੂਜੀ ਧਿਰ ਨੂੰ ਹੀ ਸਹੀ ਤਰੀਕੇ ਨਾਲ ਸਮਝ ਲੈਣਾ ਹੀ, ਬਹੁਤੇ ਹੱਲ਼ ਕੱਢ ਲੈਣ ਦੇ ਬਰਾਬਰ ਹੈ। ਏਸ ਲਿਖ਼ਤ ਵਿਚ ਪਹਿਲੀ ਧਿਰ ਕਿਸਾਨ ਹੈ, ਜਿਸ ਨੇਂ ਦੂਜੀ ਧਿਰ ਫ਼ਸਲ ਦੇ ਸਾਰੇ ਇੰਨਪੁੱਟਸ ਨੂੰ ਅਗੇਤੇ ਜਾਂ ਪਿਛੇਤੇ ਸਹੀ ਸਮੇਂ ਤੇ ਸਹੀ ਮਾਤਰਾ ਵਿੱਚ ਤੇ ਸਹੀ ਮਿਕਦਾਰਾਂ ਦੀ ਲੋੜ ਮੁਤਾਬਿਕ ਵਰਤੋਂ ਘੱਟ ਖ਼ਰਚ ਤੇ ਘੱਟ ਖੱਪਤ ਨਾਲ ਕਰਨ ਦੀ ਹੀ ਹੈ। ਸਭ ਤੋਂ ਪਹਿਲਾਂ ਉਸ ਨੂੰ ਸੁਖਾਵਾਂ ਤੇ ਸੋਖਾਲੇ ਕਰਨ ਦੇ ਤਰੀਕੇ ਨੂੰ ਸੁਚੇਤ ਮਨ ਨਾਲ ਸਮਝ ਲੈਣਾ, ਹਰ ਪਾਸਿਓਂ ਖ਼ਰਚ ਘਟਾਉਣ ਤੇ ਵਧੇਰੇ ਉਦਪਾਦਨ ਲੈਂਣ ਦਾ ਫਾਰਮੂਲਾ ਬਣਦਾ ਹੈ।

ਏਂ ਦੇਖ਼ਣ ਸਮਝਣ ਚ ਆ ਰਿਹਾ ਕਿ ਸਮਾਜ ਚ ਅੱਜ ਕੱਲ੍ਹ ਆਪਸੀ ਭਾਈਚਾਰਕ ਸਾਂਝ ਨੂੰ ਖਤਮ ਕਰਕੇ ਇੱਕ ਦੂਜੇ ਤੋਂ ਚੁੱਪ ਚੁਪੀਤੇ ਵਧੇਰੇ ਪੈਸੇ ਲਗਾ ਕੇ, ਵਧੇਰੇ ਝਾੜ ਲੈਣ ਦੀ ਲਾਲਸਾ ਕਰਕੇ ਇੱਕ ਦੂਜੇ ਤੋਂ ਅੱਗੇ ਲੰਘ ਜਾਣ ਦੀ ਹੋੜ ਵੀ ਕੀਤੇ ਕਿਸਾਨ ਵਰਗ ਚ ਨੁਕਸਾਨ ਦਾਇਕ ਸਾਬਤ ਹੋ ਰਹੀ। ਜਿਸ ਚੰਗੀ ਚੀਜ਼ ਨੂੰ ਕਿਸੇ ਨੇ ਵਰਤਿਆ ਹੋਵੇ ਪਰ ਉਸ ਬਾਰੇ ਹੋਰਨਾਂ ਨੂੰ ਨਾ ਦੱਸਣਾ ਏਂ ਵੀ ਸਾਹਮਣੇ ਆ ਰਿਹਾ। ਕਈ ਥਾਂ ਦੇਖਿਆ ਜਾਂਦਾ ਹੈ ਕਿ ਇੱਕ ਕਿਸਾਨ ਦੂਜੇ ਕਿਸਾਨ ਨੂੰ ਗ.ਲਤ ਗਾਈਡ ਕਰਕੇ ਉਸ ਨੂੰ ਗ.ਲਤ ਕਿਸਮ ਤੇ ਨਜਾਇਜ਼ ਉਤਪਾਦਾਂ ਦੀ ਵਰਤੋਂ ਫਜ਼ੂਲ ਖਰਚੀ ਨਾਲ ਤੱਕ ਭਰੋਸੇ ਨਾਲ ਕਰਵਾ ਦਿੰਦੇ ਹਾਂ। ਦੂਜਾ ਉਸਦੀ ਆਪਣੀ ਫ਼ਸਲ ਕੇਵਲ ਚੰਗੇ ਵੱਤਰ ਤੱਕ ਲਗਾਉਣ ਤੇ ਘੱਟ ਖ਼ਾਦ ਤੇ ਸਹੀ ਸਮੇਂ ਦੇ ਪ੍ਰਬੰਧ ਕਰਕੇ ਚੰਗੀ ਫ਼ਸਲ ਦੇਖ ਕੇ ਦੂਜੇ ਪ੍ਰਭਾਵਿਤ ਕਿਸਾਨ ਨੂੰ ਹੋਰ ਉਤਪਾਦਾਂ ਨੂੰ ਜਾਣ ਬੁੱਝ ਕੇ ਪਾਉਣ ਤੱਕ ਬਾਰੇ ਮਾਖੋਲ ਨਾਲ ਉਸ ਦੀ ਸੁੱਝ ਬੁੱਧ ਨੂੰ ਕਾਹਲੀ ਵਿੱਚ ਨਾ ਸੋਚਦਿਆਂ ਵਿਚਾਰਦਿਆਂ ਤੱਕ ਸਮਝ ਕੇ ਖੇਤ ਨੂੰ ਫਜ਼ੂਲ ਖੇਤੀ ਸਮੱਗਰੀ ਪੁਆਂ ਦਿੰਦੇ ਹਾਂ। ਬੇਸ਼ੱਕ ਅੰਦਰੋਂ ਭਾਵੇਂ ਅਸੀਂ ਉਸ ਉਪਰ ਹੱਸਦੇ ਜ਼ਰੂਰ ਹਾਂ, ਅਸੀਂ ਅਗਿਆਨਤਾ ਦਾ ਸਬੂਤ ਕਿਸੇ ਦਾ ਨੁਕਸਾਨ ਕਰਵਾ ਕੇ ਦਿੰਦੇ। ਇੱਕ ਗੱਲ ਜ਼ਰੂਰ ਹੈ ਕਿ ਪਿੰਡ ਵਿੱਚ ਭਾਈਚਾਰਕ ਸਾਂਝ ਤਕਰੀਬਨ ਖ਼ਤਮ ਹੈਂ ਹਾਂ ਕੁਝ ਸਮਝਦਾਰ ਜ਼ਰੂਰ ਇਕੱਠੇ ਹੋਣ। ਏਹੋ ਫ਼ਸਲ ਦਾ ਕੋਈ ਇਨਪੁਟ ਦੀ ਲੋੜ ਸਮੇਂ ਸੱਥ ਵਿੱਚ ਬੈਠੇ ਆਪਸੀ ਗੱਲਬਾਤ ਨਾਲ ਵਰਤਦੇ ਤਾਂ ਸ਼ਾਇਦ ਖੇਤੀ ਸੰਸਥਾਵਾਂ ਦੇ ਮਾਹਿਰਾਂ ਨੂੰ ਪਿੰਡਾਂ ਵਿੱਚ ਸੱਦਣ ਦੀ ਹਿਮਾਇਤ ਹੁੰਦੀ ਜਾਂ ਕੋਈ ਵਿਉਂਤਬੰਦੀ ਤਜ਼ਰਬੇ ਅਨੁਸਾਰ ਵਰਤੋਂ ਹੁੰਦੀ ਨਾ ਕਿ ਬੇਲੋੜੀ ਤਾਂ ਬਹੁਤੇ ਖ਼ਰਚ ਬੱਚ ਜਾਣੇਂ ਸਨ ਤੇ ਜਾਣਕਾਰੀ ਮੁਫ਼ਤ ਵਿੱਚ ਮਿਲ਼ ਜਾਣੀ ਸੀ।

ਦੋਸਤੋ ਨੀਂਹ ਚੰਗੀ ਰੱਖਾਂਗੇ ਤਾਂ ਬਿਲਡਿੰਗ ਦੀ ਮਜ਼ਬੂਤੀ ਦੀ ਵਧੇਰੇ ਆਸ ਕਰ ਸਕਦੇ ਹਾਂ। ਆਏਂ ਸੀਜ਼ਨ ਤੇ ਕਿਸਾਨ ਨੂੰ ਨਵੇਂ ਬੀਜ਼ ਤੇ ਨਵੀਂ ਕਿਸਮ ਆਉਣ ਵੱਲ ਭਰਮਾਉਣ ਦਾ ਸਿਲਸਿਲਾ ਵੀ ਸ਼ੁਰੂ ਹੋ ਜਾਂਦਾ ਹੈ। ਬਹੁਤੇ ਕਿਸਾਨ ਦੂਰ ਦੁਰਾਡੇ ਤੋਂ ਜਿਥੋਂ ਕੀਤੇ ਵਾਕਫੀ ਚ ਦੱਸ ਪੈਂਦੀ ਐਂ, ਉਥੋਂ ਹੀ ਕੁੱਝ ਤਾਂ ਸਮਾਜ ਵਿਚ ਆਪਣੀ ਵੱਡੀ ਪਹੁੰਚ ਤੇ ਵੱਡੀ ਸਮਝ ਦੂਜਿਆਂ ਨੂੰ ਦੱਸਦੇ ਵੱਧ ਚੜ੍ਹ ਕੇ ਨਜ਼ਰ ਆਉਂਦੇ ਹਨ। ਏਥੋਂ ਤੱਕ ਕਿ ਬਾਕੀਆਂ ਨਾਲੋਂ ਵਧੇਰੇ ਮਹਿੰਗਾ ਬੀਜ਼ ਲਿਆਉਣ ਤੱਕ ਦੱਸਿਆ ਜਾਂਦਾ ਹੈ। ਪਹਿਲੀ ਗੱਲ ਤਾਂ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀ ਕਿਸਮ ਨੂੰ ਤਰਜੀਹ ਦੇਣ ਦੀ ਲੋੜ ਹੈ, ਦੂਜਾ ਤਿੰਨ ਸਾਲਾਂ ਵਾਸਤੇ ਆਪਣਾਂ ਬੀਜ ਕਿਸਾਨ ਆਪ ਚੰਗਾ ਦਾਣਾ ਰੱਖ ਕੇ ਤਿਆਰ ਕਰੇ ਤੇ ਖੇਤੀ ਖਰਚ ਘਟਾਵੇ। ਤੀਜਾ ਜੇਕਰ ਨਵੀਂ ਪ੍ਰਾਇਵੇਟ ਕਿਸਮ ਬੀਜਣ ਦੀ ਤਿਆਰੀ ਹੈ ਤਾਂ ਥੋੜ੍ਹੇ ਰਕਬੇ ਚ ਸ਼ੁਰੂਆਤ ਵਿੱਚ ਕਰੇਂ। ਬਾਅਦ ਵਿੱਚ ਸਮਾਜ ਚ ਹਾਸੋਹੀਣੀ ਤੇ ਨੁਕਸਾਨ ਕਰਵਾਉਣ ਦਾ ਪਾਤਰ ਨਾ ਬਣੇਂ। ਜੇਕਰ ਪ੍ਰਾਇਵੇਟ ਬੀਜ਼ ਚੰਗਾ ਨਿਕਲੇ ਤਾਂ ਅਗਲੀ ਵਾਰ ਰਕਬਾ ਵਧੇਰੇ ਕਾਸ਼ਤ ਥੱਲੇ ਲਿਆਵੇ। ਪਿੰਡ ਚ ਸਭਨਾਂ ਨਾਲ਼ ਵਿਚਾਰ ਵਟਾਂਦਰਾ ਕਰੇ ਤਾਂ ਜ਼ੋ ਹੋਰ ਨੁਕਸਾਨ ਵੱਲ ਵੀ ਮਾੜੇ ਨਿਕਲ਼ੇ ਕਿਸੇ ਫ਼ਸਲ ਦੇ ਬੀਜ਼ ਕਰਕੇ ਹੋਰ ਲੋਕ ਉਧਰ ਨਾ ਜਾਵਣ।





ਅਗੇਤੀ ਕਾਹਲ ਬਾਰੇ ਸਮਝ ਦੀ ਗੱਲ ਕਰੀਏ ਤਾਂ ਕਣਕ ਦੀ ਫ਼ਸਲ ਠੰਡ ਰੁੱਤ ਦੀ ਫ਼ਸਲ ਹੈ। ਪੁਰਾਣੇ ਦੌਰ ਵਾਂਗ ਬਹੁਤੇ ਕਿਸਾਨ ਤੇ ਕੁੱਝ ਵੱਤਰ ਨੂੰ ਸੰਭਾਲਣ ਵਾਲੇ ਕਾਹਲ਼ੇ ਲੋਕ ਅੱਜ ਵੀ ਅਕਤੂਬਰ ਦੇ ਅੱਧ ਵਿੱਚ ਕਣਕ ਦੀ ਬਿਜਾਈ ਸ਼ੁਰੂ ਕਰ ਦਿੰਦੇ ਹਨ। ਏਥੇ ਸਮਝਣ ਦੀ ਲੋੜ ਹੈ ਕਿ ਅੱਜ ਦਾ ਮੌਸਮ ਪਹਿਲੇ ਮੌਸਮਾਂ ਵਾਂਗ ਪੱਚੀ ਅਕਤੂਬਰ ਨੂੰ ਧੁੰਦ ਨਾਲ ਨਹੀਂ ਚੱਲਦਾ, ਸਗੋਂ ਟੀ ਸ਼ਰਟ ਦੀ ਗਰਮੀ ਦੇ ਨਾਲ ਘਰਾਂ ਵਿੱਚ ਪੱਖੇ ਚਲਾ ਕੇ ਚੱਲਦਾ ਹੈ। ਕਣਕ ਦੀ ਚੰਗੀ ਪੈਦਾਵਾਰ ਲੈਣ ਲਈ ਵੀ ਕਿਸਾਨ ਨੂੰ ਪੰਜ ਛੇ ਨਵੰਬਰ ਤੋਂ ਕਣਕ ਦੀ ਬਿਜਾਈ ਸ਼ੁਰੂ ਕਰਨ ਦੀ ਲੋੜ ਹੈ ਤਾਂ ਜ਼ੋ ਫ਼ਸਲ ਨੂੰ ਸਹੀ ਮੌਸਮ ਨਾਲ ਚੰਗੇ ਝਾੜ ਲਈ ਰਲਾਇਆ ਜਾ ਸਕੇ। ਝੋਨੇ ਦੀ ਫ਼ਸਲ ਚ ਵੀ ਪਰਮ ਅਗੇਤ ਕਰਨੀ ਵਧੇਰੇ ਪਾਣੀ ਦਾ ਖੌਅ ਤਾ ਬਣਦਾ ਹੀ ਐਂ, ਨਾਲ਼ ਵਧੇਰੇ ਸੇਕ ਵਿੱਚ ਖੇਤੀ ਦਵਾਈਆਂ ਪੈਣ ਨਾਲ ਫ਼ਸਲ ਦੇ ਸਾੜ ਕਈਆਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਪ੍ਰਾਈਵੇਟ ਬੀਜ਼ਾਂ ਦੀ ਚੋਣ ਵਧੇਰੇ ਰਲਵੇਂ ਤੇ ਇਕਸਾਰ ਨਾ ਪੱਕਣ ਤੱਕ ਦੇ ਨਤੀਜੇ ਸਾਹਮਣੇ ਆਉਂਦੇ ਰਹੇ, ਜਿਸ ਦਾ ਸਮਾਂ ਸਾਰਣੀ ਤੱਕ ਪਤਾ ਨਹੀਂ ਸੀ।

ਏਥੇ ਵੀ ਸਮਝ ਦੀ ਲੋੜ ਸੀ ਕਿ ਕਣਕ ਦੀ ਬਿਜਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਡੀ ਏਂ ਪੀ ਨਾ ਆਉਣ ਜਾਂ ਘੱਟ ਆਉਣ ਦਾ ਖ਼ਲਾਅ ਜ਼ਰੂਰ ਕਿਸਾਨ ਅੰਦਰ ਬਣ ਗਿਆ ਸੀ, ਪਰ ਕੁਝ ਕਿਸਾਨ ਭਰਾਵਾਂ ਨੂੰ ਜੇ. ਐਂਡ ਕੇ. ਸਟੇਟ ਵੱਲ ਜਾਂਦਿਆਂ ਜਾਂ ਕੁਆਪਰੇਟਿਵ ਸੁਸਾਇਟੀ ਵਿਚ ਬੇਲੋੜੀ ਵਸਤੂਆਂ ਨਾ ਚਾਹੁੰਦਿਆਂ ਹੋਇਆਂ ਵੀ ਲੈਂਦੇ ਖ਼ਰੀਦਦੇ ਵੇਖਿਆ। ਹਾਲਾਂਕਿ ਇਸ ਬਾਰੇ ਕੁਆਪਰੇਟਿਵ ਸਕੱਤਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਖ਼ੁਦ ਮੰਨਿਆ ਕਿ ਅਸੀਂ ਕਿ ਕਰੀਏ ਕਿ ਸਾਨੂੰ ਵੀ ਧੱਕੇ ਨਾਲ ਉਂਪਰ ਵਾਲੇ ਸਮਾਨ ਚੁੱਕਾ ਰਹੇ ਹਨ, ਨਹੀਂ ਤਾਂ ਉਹ ਕਹਿੰਦੇ ਕਿ ਅਸੀਂ ਡੀ ਏਂ ਪੀ ਹੀ ਨਹੀਂ ਦੇਣੀ। ਮੋਟਾ ਜਿਹਾ ਕਹਿ ਲਵੋ ਕਿ ਸਕੱਤਰ ਵੇਚਣਾ ਨਹੀਂ ਚਾਹੁੰਦਾ ਸੀ ਤੇ ਕਿਸਾਨ ਫਜ਼ੂਲ ਖਰਚੀ ਤੋਂ ਬੱਚਦਾ ਲੈਣਾ ਨਹੀਂ ਚਾਹੁੰਦਾ ਸੀ। ਅਖ਼ੀਰ ਫ਼ਸਿਆ ਅੱਕ ਚੱਬਣਾ ਪਿਆ। ਏਹੀ ਜੇਕਰ ਫਾਸਫੋਰਸ ਦੀ ਪੂਰਤੀ ਦੀ ਗੱਲ ਕਿਸਾਨਾਂ ਨਾਲ ਕਰੀਏ ਤਾਂ ਸ਼ਾਇਦ ਖੇਤੀ ਸੰਸਥਾਵਾਂ ਨਾਲ ਨਾ ਰਾਬਤਾ ਹੋਣਾ ਜਾਂ ਕੁੱਝ ਖੇਤੀ ਵਿਕਰੇਤਾਵਾਂ ਨੇ ਵੀ ਕਿਹਾ ਕਿ ਕੁੱਝ ਕਿਸਾਨਾਂ ਨੂੰ ਡੀ ਏਂ ਪੀ ਦੀ ਜਗ੍ਹਾ ਅਸੀਂ ਐਨ ਪੀ ਕੇ ਡੇਢ. ਦਾ ਬੋਰਾ ਪਾਉਣ ਨੂੰ ਕਿਹਾ ਤਾਂ ਕੁੱਝ ਕਿਸਾਨ ਲੇਟ ਹੁੰਦੀ ਬਿਜਾਈ ਦੇਖ ਸਾਡੀ ਮੰਨ ਲਈ ਤੇ ਉਹਨਾਂ ਪਾ ਲਿਆ। ਪਰ ਕੁੱਝ ਕਿਸਾਨ ਨਾ ਪਾਉਣ ਨੂੰ ਅੜੇ ਰਹੇ ਤੇ ਇੰਤਜ਼ਾਰ ਤੱਕ ਕਰਨ ਨੂੰ ਕਹਿੰਦੇ ਰਹੇ, ਪਰ ਉਸੇ ਨੂੰ ਹੀ ਆਉਣ ਤੇ ਪਾਉਣ ਤੇ ਅੜੇ ਰਹੇ ਜਾਂ ਕੁੱਝ ਕਿਸਾਨ ਡੀ ਏਂ ਪੀ ਦੀ ਜਗ੍ਹਾ ਕੋਈ ਚੀਜ਼ ਪਾਉਣ ਬਾਰੇ ਸੁਣਨਾ ਹੀ ਪਸੰਦ ਨਹੀਂ ਕਰਦੇ ਸਨ, ਲੈਣਾ ਵਰਤਣਾਂ ਤਾਂ ਦੂਰ ਦੀ ਗੱਲ ਹੈ। ਏਥੋਂ ਤੱਕ ਕਿ ਤਿੰਨ ਬੋਰੇ ਸੁਪਰ ਪਾਉਣੇਂ ਜਾਂ ਸਮਝਣਾ ਘੱਟ ਸੀ। ਸਮਾਂ ਲੰਘਾਉਣ ਤੇ ਫ਼ਜ਼ਲ ਖ਼ਰਚ ਦੇ ਸਬੱਬ ਬਣੇ।

ਆਵਾਜ਼ਿ ਕੌਮ AWAZE QAUM International Newspaper & WEB TV

ਨਦੀਨਾਂ ਦੀ ਰੋਕਥਾਮ ਬਾਰੇ ਗੱਲ ਕਰੀਏ ਤਾਂ ਬਹੁਤ ਸਾਰੇ ਕਿਸਾਨ ਭਰਾਵਾਂ ਦੇ ਉਧਾਰ ਪੁਰਾਣੇ ਸੰਪਰਕ ਵਾਲੇ ਡੀਲਰਾਂ ਤੋਂ ਲੱਗੇ ਹੋਏ ਹੁੰਦੇ ਹਨ। ਉਹੀ ਡੀਲਰ ਉਹੀਂ ਕੰਪਨੀ ਜਿਸ ਤੋਂ ਲਗਾਤਾਰ ਇੱਕ ਹੀ ਕੰਪਨੀ ਦੀ ਦਵਾਈ ਮੰਗਵਾਉਂਦਾ ਹੈ ਤੇ ਸੀਜ਼ਨ ਦਰ ਸੀਜ਼ਨ ਕਿਸਾਨ ਨੂੰ ਡੋਜ਼ ਤੱਕ ਵਧਾ ਕੇ ਪਾਉਂਣ ਲਈ ਕਹਿੰਦਾ ਰਹਿੰਦਾ ਹੈ ਜਿਸ ਦਾ ਅਸਰ ਬਾਰ ਬਾਰ ਵਰਤੋਂ ਨਾਲ ਘੱਟ ਜਾਂਦਾ ਹੈ। ਹੁਣ ਸਮਝ ਅਨੁਸਾਰ ਦੇਖੀਏ ਕਿ ਹਾਲਾਤ ਨਦੀਨਾਂ ਨੂੰ ਮਾਰਨ ਦੇ ਵੱਧ ਖ਼ਰਚ ਨਾਲ ਹੋਰ ਹੀ ਪਾਸੇ ਦੋ ਤੋਂ ਤਿੰਨ ਸਪਰੇਆਂ ਤੇ ਅੱਡ ਛੱਟੇ ਵੱਲ ਜਾਂਦੇ ਦਿਸ ਰਹੇ ਹਨ। ਉਥੇ ਪਹਿਲਾਂ ਮੈਟਰੀ ਜਾਂ ਕੋਈ ਹੋਰ ਦਵਾਈ ਪਹਿਲਾਂ ਯੂਰੀਆ ਖਾਦ ਨਾਲ ਛੱਟਾ ਦੇਣ ਦੀ ਪ੍ਰਥਾ ਬਣ ਗਈ ਹੈ। ਜਦਕਿ ਪੱਚੀ ਤੀਹ ਦਿਨਾਂ ਚਾਰ ਪੱਤਿਆਂ ਤੇ ਬਾਅਦ ਫੇਰ ਨਦੀਨਨਾਸ਼ਕ ਦਵਾਈਆਂ ਦੀ ਸਪਰੇਅ ਉਹ ਸੌਂ ਫ਼ੀਸਦ ਸਭ ਨੇ ਅਲੱਗ ਤੋਂ ਕਰਨੀਂ ਹੀ ਕਰਨੀ ਹੈ। ਬਹੁਤੇ ਤਾਂ ਖ਼ਾਦ ਨਾਲ ਪਹਿਲਾਂ ਛੋਟਾ ਪੈਕਟ ਭਾਈਆ ਦਾ ਪਾਉਂਦੇ ਦਿਸਦੇ ਸਨ ਅੱਜ ਉਹ ਅੱਧਾ ਕਿਲੋ ਤੇ ਉਸ ਤੋਂ ਵੀ ਵਧੇਰੇ ਮਾਤਰਾ ਵਰਤੋਂ ਕਰਦੇ ਦਿੱਸੇ। ਏਥੇ ਸਮਝਣ ਦੀ ਗੱਲ ਹੈ ਕਿ ਜੇਕਰ ਬਹੁਤ ਜ਼ਿਆਦਾ ਨਦੀਨ ਕਣਕ ਦੀ ਫ਼ਸਲ ਚ ਹੁੰਦਾ ਹੈ ਤਾਂ ਬਿਜਾਈ ਤੋਂ ਬਾਅਦ ਚੌਵੀ ਤੋਂ ਅੜਤਾਲੀ ਘੰਟੇ ਵਾਲੀ ਨਦੀਨ ਉੱਗਣ ਤੋਂ ਪਹਿਲਾਂ ਵਾਲੀ ਦਵਾਈ ਲੀਟਰ ਪੈਡੀਮੈਥਲੀਨ ਸਪਰੇਅ ਕਰਕੇ ਕਾਫੀ ਹੱਦ ਤੱਕ ਕੰਟਰੋਲ ਕਰ ਸਕਦੇ ਹਾਂ। ਕਿਸਾਨ ਵਰਗ ਨੂੰ ਲੋੜ ਹੈ ਖੇਤੀ ਸੰਸਥਾਵਾਂ, ਖੇਤੀ ਦੁਕਾਨਾਂ, ਏਗੀਏ ਦੇ ਅਗਾਂਹਵਧੂ ਕਿਸਾਨਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨ, ਫੇਰ ਕਿਸੇ ਨਤੀਜੇ ਤੇ ਆਉਣ, ਨਾ ਕਿ ਦੇਖਾਂ ਦੇਖੀਂ ਬੇਸਮਝੀ ਨਾਲ ਵਧੇਰੇ ਖ਼ਰਚ ਕਰਨ ਵੱਲ ਟੁਰਿਆ ਰਹੇ।

ਪਾਣੀ ਲਗਾਉਣ ਦੀ ਸਮਝ ਬਾਰੇ ਗੱਲ ਕਰੀਏ ਤਾਂ ਬਹੁਤੇ ਕਿਸਾਨ ਵੀਰ ਜੋਂ ਮਿੱਟੀ ਨੂੰ ਅੱਗ ਲਗਾ ਕੇ ਸਾੜਦੇ ਮਤਲਬ ਪਰਾਲ਼ੀ ਨੂੰ ਅੱਗ ਲਗਾਉਂਦੇ ਸਨ। ਉਹਨਾਂ ਦੇ ਖੇਤਾਂ ਵਿੱਚ ਰੱਕੜਪੁਣੇ ਮਿੱਟੀ ਦਾ ਸਖ਼ਤ ਹੋਂਣ ਕਰਕੇ ਕਣਕ ਦੀ ਫ਼ਸਲ ਨੂੰ ਲਗਾਇਆ ਪਹਿਲਾ ਭਾਰਾ ਪਾਣੀ ਮਿੱਟੀ ਵਿੱਚ ਹਵਾ ਦੀ ਨਿਕਾਸੀ ਕਰਨ ਵਾਲੇ ਗੰਡੋਏ ਨਾ ਹੋਂਣ ਕਰਕੇ ਫ਼ਸਲ ਨੂੰ ਪੀਲੇਪਨ ਦਾ ਸ਼ਿਕਾਰ ਤੱਕ ਹੋਣਾ ਪਿਆ। ਜਿਸ ਤੇ ਜ਼ਿੰਮੀਂਦਾਰ ਅਣਜਾਣੇ ਵਿੱਚ ਪੀਲਾਪਨ ਯੂਰੀਆ ਦੀ ਘਾਟ ਸਮਝ ਕੇ ਬੇਲੋੜਾ ਛੱਟਾ ਹੋਰ ਮਾਰਦਾ ਵੀ ਦੇਖਿਆ ਗਿਆ। ਜਦਕਿ ਏਥੇ ਏਂ ਵੀ ਸਮਝਣ ਦੀ ਲੋੜ ਸੀ ਕਿ ਜਦੋਂ ਨਵੰਬਰ ਦੀ ਬਿਜਾਈ ਵਾਲੀ ਫ਼ਸਲ ਨੂੰ ਤੀਹ ਦਿਨਾਂ ਤੇ ਪਾਣੀ ਲਗਾਉਘੇ ਤਾਂ ਪੱਚੀ ਦਿਸੰਬਰ ਤੋਂ ਲੈ ਕੇ ਲੋਹੜੀ ਤੱਕ ਸੂਰਜ ਨਹੀਂ ਚੜ੍ਹਦਾ। ਭਾਰਾ ਪਾਣੀ ਤੇ ਘੱਟ ਹੋਣਾ ਪ੍ਰਕਾਸ਼ ਸੰਸਲੇਸ਼ਣ ਕਿਰਿਆ ਦਾ ਬੂਟੇ ਵਿਚ ਬੰਦ ਹੋ ਜਾਣਾਂ ਵੀ ਪੀਲੇਪਨ ਦੀ ਨਿਸ਼ਾਨੀ ਬਣਦਾ ਹੈ, ਹਲਕੇ ਪਾਣੀ ਲੱਗੇਂ ਹੋਂਣ ਤੇ ਅਜਿਹਾ ਵੇਖਣ ਨੂੰ ਘੱਟ ਆਉਂਦਾ। ਝੋਨੇ ਵਿਚ ਵੀ ਅਗਿਆਨਤਾ ਵੱਸ ਕਲਮ ਜਾਂ ਲਾਭ ਤੋਰਨ ਲਈ ਕੇਵਲ ਪਹਿਲੇ ਪੰਦਰਾਂ ਦਿਨ ਪਾਣੀ ਖੜ੍ਹਾ ਕਰਨਾ ਹੁੰਦਾ ਹੈ ਪਰ ਅਸੀਂ ਅਖ਼ੀਰ ਤੱਕ ਪਾਣੀ ਖੜ੍ਹਾ ਰੱਖ ਕੇ ਬੂਟੇ ਦੀ ਜੜਾਂ ਨੂੰ ਹਵਾ ਦੀ ਨਿਕਾਸੀ ਨਾ ਕਰਵਾ ਕੇ ਫ਼ਸਲ ਵਾਧੇ ਦਾ ਨੁਕਸਾਨ ਕਰਨ ਦੇ ਨਾਲ ਗਾਲੇ ਉਲੀਆਂ, ਕੀ ਕੁੱਝ ਜਾਣ ਬੁੱਝ ਗਰਮੀ ਵਿੱਚ ਉਬਲੇ ਪਾਣੀ ਨਾਲ ਕਰ ਲੈਂਦੇ ਹਾਂ।

ਪਿਛਲੇ ਦਿਨਾਂ ਵਿੱਚ ਮੰਡੀਆਂ ਚ ਜਿਨਸ ਰੁਲਣ ਦਾ ਦੁੱਖਦਾਈ ਦੌਰ ਦੇਖਿਆ। ਜਿਸ ਕਰਕੇ ਕਿਸਾਨ ਯੂਨੀਅਨਾਂ ਵੱਲੋਂ ਜ਼ਰੂਰ ਭਰਵਾਂ ਰੋਸ ਪੰਜਾਬ ਪੱਧਰੀ ਕੀਤਾ ਗਿਆ। ਏਥੇ ਆਪਣੇ ਪੱਧਰ ਤੇ ਵੀ ਛੋਟੇ ਹੱਲ ਤਰਾਸ਼ਣੇ ਵੀ ਬੇਹੱਦ ਜ਼ਰੂਰੀ ਹਨ, ਜਿਵੇਂ ਝੋਨੇ ਨੂੰ ਥੋੜੇ ਰਕਬੇ ਚ ਲਗਾ ਕੇ ਏਸ ਦੀ ਥਾਂ ਬਦਲਵੀਂ ਫ਼ਸਲ ਨੂੰ ਵੀ ਥੋੜੈ ਰਕਬੇ ਹੇਠ ਵਧਾਉਣ ਨੂੰ ਤਰਜੀਹ ਦੇਣੀ, ਦੂਜਾ ਝੋਨੇ ਦੀ ਥਾਂ ਜੀਵਾਂ ਦੀ ਕਾਸ਼ਤ ਮਤਲਬ ਸਹਾਇਕ ਧੰਦਿਆਂ ਜਾਨਵਰ /ਪੰਛੀ ਨੂੰ ਥੋੜੇ ਰਕਬੇ ਵਿੱਚ ਵਧਾਉਣਾਂ, ਉਹਨਾਂ ਫ਼ਸਲਾਂ ਵੱਲ ਵੀ ਥੋੜੇ ਰਕਬੇ ਤੋਂ ਸ਼ੁਰੂਆਤ ਕਰਨੀ ਜਿਵੇਂ ਅਗਾਂਹ ਆਪਣੇ ਪੱਧਰ ਤੇ ਉਸਨੂੰ ਹੋਰ ਉਤਪਾਦਾਂ ਵਿੱਚ ਲਿਆਂਦਾ ਜਾ ਸਕੇ ਜਿਵੇਂ ਪ੍ਰੋਸੈਸਿੰਗ ਰੂਪ ਵਿੱਚ ਹਲਦੀ ਪਾਊਡਰ, ਸ਼ੱਕਰ, ਮਸਾਲੇਦਾਰ, ਅਗੇਤੀਆਂ ਸਬਜ਼ੀਆਂ, ਜਾਂ ਖੇਤੀ ਵਿਭਿੰਨਤਾ ਵੱਲ ਆਦਿ ਜਿਸਦਾ ਛੋਟੇ ਪੱਧਰ ਤੇ ਮੰਡੀਕਰਨ ਵੀ ਕੁੱਝ ਆਪਣੇ ਪੱਧਰ ਤੇ ਸੋਸ਼ਲ ਮੀਡੀਆ ਰਾਹੀਂ, ਆਪੋ ਆਪਣੇ ਨੇੜੇ ਦੇ ਕਿਸਾਨ ਭਰਾਵਾਂ ਦੀ ਮੇਲਜੋਲ ਤੇ ਇਕੱਤਰਤਾ ਰਾਹੀਂ, ਜ਼ਿਲ੍ਹਾ ਪ੍ਰਸ਼ਾਸਨ/ ਸੰਬੰਧਿਤ ਵਿਭਾਗਾਂ ਦੇ ਸਹਿਯੋਗੀਆਂ ਰਾਹੀਂ, ਆਪਣੇ ਪੱਧਰ ਤੇ ਨੇੜਲੇ ਸ਼ਹਿਰਾਂ ਵਿੱਚ ਵੱਡੇ ਦੁਕਾਨਦਾਰਾਂ, ਸਟੋਰਾਂ, ਮਾਲਾਂ, ਆਪਣੇ ਸੇਲ ਪੁਆਇੰਟ ਆਦਿ ਬਣਾ ਕੇ ਉਹ ਵੀ ਬੇਝਿਜਕ ਹੋ ਕੇ ਅੱਗੇ ਆਉਣਾ ਪਵੇਗਾ। ਕੇਂਦਰੀ ਡਿਮਾਂਡ ਦੀ ਪੂਰਤੀ ਨੂੰ ਘਟਾਉਣਾਂ ਹੀ ਰੁੱਲਣ ਤੋਂ ਬਚਾਉਣ ਦਾ ਅਹਿਦ ਹੋ ਸਕਦਾ। ਗ੍ਰਾਹਕ ਸਿੱਧਾ ਕਿਸਾਨ ਤੋਂ ਅਤੇ ਕਿਸਾਨ ਵੀ ਕਿਸਾਨ ਤੋਂ ਖਰੀਦੇਗਾ ਤਾਂ ਜ਼ਿਆਦਾ ਲਾਹੇਵੰਦ ਸਾਬਤ ਹੋਵੇਗਾ। ਕਿਉਂਕਿ ਏਸ ਸਹਿਯੋਗ ਬਣਾਉਣ ਲਈ ਕਿਸਾਨ ਜਥੇਬੰਦੀਆਂ ਭੂਮਿਕਾ ਨਿਭਾ ਸਕਦੀਆਂ, ਕੇਵਲ ਇੱਕ ਫਤਵਾ ਸਭ ਨੂੰ ਦਿਸ਼ਾ ਦੇਣ ਦੇ ਜਾਰੀ ਕਰਨ ਨਾਲ। ਮੰਡੀ ਖ਼ਰੀਦਦਾਰ ਏਜੰਟਾਂ ਦਾ ਮੱਕੜਜਾਲ ਸਭਨਾਂ ਦੇ ਸਾਹਮਣੇ ਹੀ ਹੈ ਕਿ ਕਿਹੜੀ ਕਿਹੜੀ ਧਿਰ ਤੋਂ ਬੱਚੋਗੇ। ਅਗਾਂਹ ਸਾਇਲੋ ਹੋਰ ਖੋਲ੍ਹਣ ਤੇ ਬੜ੍ਹਾਵਾ ਦੇਣ ਦਾ ਵੀ ਵਧੇਰੇ ਜ਼ੋਰ ਹੈ ।

ਵੈਸੇ ਤਾਂ ਕਿਸਾਨ ਨੂੰ ਅੱਜ ਖੁਦ ਏਨਾਂ ਕੁ ਜਾਗਰੂਕ ਹੋਣ ਦੀ ਲੋੜ ਹੈ ਕਿ ਆਪ ਪੀ ਏ ਯੂ ਦੀ ਐਸ. ਐਮ. ਐਸ. ਲੱਗੀ ਕੰਬਾਈਨ ਦੀ ਮੰਗ ਕਰੇ। ਜਿਸ ਨਾਲ ਪਰਾਲ਼ੀ ਦਾ ਝੰਜਟ ਖੜ੍ਹਾ ਹੀ ਨਾ ਹੋਵੇ। ਦੂਜੇ ਪਾਸੇ ਪਰਾਲ਼ੀ ਬੇਲਰਾ ਦੁਆਰਾ ਇਕੱਠੀ ਕਰਵਾਉਣ ਦੀ ਕਾਹਲ ਬਾਰੇ ਗੱਲ ਕਰੀਏ ਤਾਂ ਮੈਂ ਬਤੌਰ ਲੇਖ਼ਕ ਆਪਣੇ ਕਿਸੇ ਰਿਸ਼ਤੇਦਾਰ ਨੂੰ ਜਾਂ ਕਿਸੇ ਸੱਜਣ ਮਿੱਤਰ ਨੂੰ ਮੈਂ ਗੱਠਾਂ ਨਾ ਬਣਾਉਣ ਬਾਰੇ ਹੀ ਕਿਹਾ ਕਿ ਪਰਾਲ਼ੀ ਨੂੰ ਖੇਤ ਚ ਖਿਲਾਰ ਕੇ ਖੇਤ ਦੀ ਖੁਰਾਕ ਵੱਜੋਂ ਮਿੱਟੀ ਵਿੱਚ ਹੀ ਦਬਾਉ। ਇੱਕ ਤਾਂ ਏਂ ਹਰੀ ਖਾਦ ਦਾ ਫ਼ਾਇਦਾ ਹੋਊਂ, ਦੂਸਰਾ ਬਿਜਾਈ ਦੋਰਾਨ ਜਾਂ ਬਾਅਦ ਵਿੱਚ ਬਾਰਿਸ਼ ਹੋਣ ਨਾਲ ਕਣਕ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਉਲ਼ਟਾ ਪਰਾਲ ਪਾਣੀ ਚੂਸ ਲੈਂਦੀ ਹੈ। ਬਹੁਤੇ ਕਿਸਾਨ ਤਾਂ ਗੱਠਾ ਚ ਦੇਰੀ ਹੋਣ ਕਾਰਨ ਮਿੱਟੀ ਨੂੰ ਅੱਗ ਲਗਾ ਦਿੰਦੇ ਹਨ ਜਿਥੋਂ ਖਾਂਦੇ ਹਨ ਉਸ ਨੂੰ ਹੀ ਅਗਿਆਨਤਾ ਵੱਸ ਸਾੜ ਦਿੰਦੇ ਹਨ। ਵਾਤਾਵਰਣ ਖ਼ਰਾਬ ਕਰਨ ਦਾ ਦੋਸ਼ੀ ਅੱਡ ਬਣਦਾ ਹੈ। ਜੋਂ ਕਿ ਹਰ ਕੋਈ ਭਾਵੇਂ ਮੂੰਹ ਤੇ ਨਹੀਂ ਪਰ ਪਿੱਠ ਤੇ ਜ਼ਰੂਰ ਇੱਕ ਦਿਨ ਮਾੜਾ ਜ਼ਰੂਰ ਉਸ ਧੂੰਏ ਨੂੰ ਲੈਂ ਕੇ ਬੋਲਦੇ ਹਨ। ਜਿਵੇਂ ਛੇ ਸੱਤ ਨਵੰਬਰ ਦੇ ਸਾਹ ਔਖੇ ਲੈਣ ਵਾਲੇ ਦਿਨ ਸਨ। ਏਂ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਬਹੁਤੇ ਕਿਸਾਨ ਸ਼ਾਮ ਸਵੇਰੇ ਸੈਟੇਲਾਈਟ ਤੇ ਮੁਲਾਜ਼ਮਾਂ ਤੋਂ ਬੱਚਦੇ ਸ਼ਾਮ ਨੂੰ ਛੇ ਵਜੇ ਵੱਡੀ ਤਾਦਾਦ ਵਿੱਚ ਅੱਗ ਲਗਾਉਂਦੇ ਤੇ ਬੇਸਮਝੀ ਦਿਖਾਉਂਦੇ ਆਮ ਦੇਖੇ ਜਾਂਦੇ ਹਨ। ਜਦਕਿ ਏਥੇ ਸ਼ਾਇਦ ਉਹਨਾਂ ਨੂੰ ਏਂ ਨਹੀਂ ਪਤਾ ਕਿ ਉਹਨਾਂ ਦਾ ਧੂੰਆਂ ਉਹਨਾਂ ਦੇ ਆਪਣੇ ਪਿੰਡ ਨਹੀਂ ਰਹਿੰਦਾ ਜੇ ਰਹਿੰਦਾ ਹੁੰਦਾ ਤਾਂ ਅੱਗ ਲਗਾਉਣ ਦਾ ਫੈਸਲਾ ਉਹਨਾਂ ਨੂੰ ਆਪਣੇ ਪਰਿਵਾਰ ਤੇ ਜਨਜੀਵਨ ਬਿਮਾਰ ਕਰਨ ਨਾਲ ਲੱਗਦਾ। ਕਈ ਛੋਟੇ ਸਮਝਦਾਰ ਕਿਸਾਨ ਤਾਂ ਏਂ ਵੀ ਦੱਸਦੇ ਨਜ਼ਰ ਆਏਂ ਕਿ ਅਸੀਂ ਕੰਬਾਈਨ ਦੇ ਕੱਟਣ ਤੋਂ ਬਾਅਦ ਹਰੇ ਮੁੱਢ ਨੂੰ ਆਸਾਨੀ ਨਾਲ ਰੋਟਾਵੇਟਰ ਨਾਲ ਹੀ ਸਾਂਭ ਲੈਂਦੇ ਹਾਂ ਕਿਉਂਕਿ ਕਿ ਉਹ ਨਰਮ ਤੇ ਹਰਾ ਹੁੰਦਾ ਹੈ। ਉਹਨਾਂ ਕਿਹਾ ਕਿ ਏਡਾ ਮੁੱਦਾ ਨਹੀਂ ਜਿੰਨਾ ਪਰਾਲ਼ੀ ਨੂੰ ਹੱਊਆਂ ਬਣਾਇਆ।

ਖ਼ੈਰ ਹੁਣ ਤਾਂ ਮਾਂਵਾਂ ਵੀ ਨਵੇਂ ਯੁੱਗ ਵਿਚ ਤੇਜ਼ਤਰਾਰ ਨੇ ਤੇ ਪੜਾਕੂਆਂ ਆ ਗਈਆਂ, ਜੋਂ ਬੱਚੇ ਨੂੰ ਰੁਵਾਉਣ ਤੋਂ ਪਹਿਲਾਂ ਹੀ ਸਮਾਂ ਦੇਖ ਪੁੱਛ ਲੈਂਦੀਆਂ ਹਨ ਕਿ ਬੱਚੇ ਦੁੱਧ ਲਿਆਵਾਂ। ਅੱਜ ਏਂ ਸਾਨੂੰ ਮੰਨਣਾ ਪਵੇਗਾ ਕਿ ਬੱਚਾ ਜਿੰਨੀ ਦੇਰ ਤੱਕ ਰੌਂਦਾ ਨਹੀਂ ਮਾਂ ਦੁੱਧ ਨਹੀਂ ਪਿਆਉਂਦੀਆਂ ਏਸ ਨੂੰ ਵੀ ਤਕਰੀਬਨ ਲੰਘੇ ਸਮੇਂ ਦੀ ਬਾਤਾਂ ਹੀ ਕਹਿ ਲਵੋ। ਕਿਉਂਕਿ ਸਰਕਾਰਾਂ ਤੋਂ ਪਹਿਲਾਂ ਹੀ ਇੰਟੈਲੀਜੈਂਸ ਵਿੰਗ ਤੇ ਵਿਭਾਗ ਪ੍ਰਸਾਰ ਤੇ ਸਿਖ਼ਲਾਈ ਤੇ ਸਮੱਸਿਆਵਾਂ ਦੇ ਸਮਾਧਾਨ ਲਈ ਪ੍ਰਸ਼ਾਸਨ ਵੀ ਬਥੇਰਾ ਹੈ।

ਲੀਡਰ ਜਾਂ ਅਫ਼ਸਰ ਅੱਜ ਕੋਈ ਵੀ ਕਾਕਾ ਅਠਾਰਾਂ ਸਾਲ ਦਾ ਨਹੀਂ ਬਣਦਾ, ਕਿ ਜਿਸ ਨੂੰ ਕਿਸੇ ਵੀ ਪਹਿਲੂਆਂ ਦੀ ਕਦੋਂ ਤੇ ਕਿੱਥੇ ਦਾ ਨਾ ਪਤਾ ਹੋਵੇ। ਏਂ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ ਤੇ ਕਿੰਨੇ ਤੇ ਕਦੋਂ ਤੇ ਕਿੱਦਾਂ ਨਿਭਾਉਣੀ ਐਂ ਆਪਾਂ ਸਭ ਭਲੀਭਾਂਤ ਜਾਣੂ ਹਾਂ। ਏਹੀ ਫ਼ਰਕ ਹੈ ਵਿਦੇਸ਼ਾਂ ਦੇ ਕਾਨੂੰਨ ਤੇ ਭਾਰਤੀ ਵਿਵਸਥਾ ਦੇ ਢਾਂਚੇ ਤੇ ਸੋਚ ਦਾ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮੁੱਖ ਮੰਤਰੀ ਦੀ ਨਵੇਂ ਚੁਣੇ ਪੰਚਾਂ ਨੂੰ ਅਪੀਲ; ਆਪਣੇ ਪਿੰਡਾਂ ਨੂੰ 'ਆਧੁਨਿਕ ਵਿਕਾਸ ਧੁਰੇ' ਵਿੱਚ ਤਬਦੀਲ ਕਰੋ

# ਸੰਗਰੂਰ ਜ਼ਿਲ੍ਹੇ ਦੇ ਨਵੇਂ ਚੁਣੇ ਪੰਚਾਂ ਨੂੰ ਸਹੁੰ ਚੁਕਾਈ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਸੂਬੇ ਦੀਆਂ ਨਵੀਆਂ ਚੁਣੀਆਂ ਪੰਚਾਇਤਾਂ ਨੂੰ ਆਪਣੇ ਪਿੰਡਾਂ ਨੂੰ 'ਆਧੁਨਿਕ ਵਿਕਾਸ ਧੁਰੇ' ਵਿੱਚ ਤਬਦੀਲ ਕਰਨ ਲਈ ਪ੍ਰੇਰਕ ਵਜੋਂ ਕੰਮ ਕਰਨ ਦਾ ਸੱਦਾ ਦਿੱਤਾ, ਜਿਸ ਨਾਲ ਸੂਬੇ ਦੇ ਅਰਥਚਾਰੇ ਨੂੰ ਵੱਡਾ ਹੁਲਾਰਾ ਮਿਲੇਗਾ। ਸੰਗਰੂਰ ਜ਼ਿਲ੍ਹੇ ਦੇ ਨਵੇਂ ਚੁਣੇ ਪੰਚਾਂ ਨੂੰ ਅਹੁਦੇ ਦੀ ਸਹੁੰ ਚੁਕਾਉਣ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤਾਂ ਨੂੰ ਆਪਣੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਤਰਜੀਹੀ ਆਧਾਰ ਉਤੇ ਵੰਡਣਾ ਚਾਹੀਦਾ ਹੈ ਤਾਂ ਕਿ ਸੂਬਾ ਸਰਕਾਰ ਕੰਮ ਸ਼ੁਰੂ ਕਰਵਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਚਾਇਤਾਂ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਮਤੇ ਜ਼ਰੂਰ ਪਾਸ ਕਰਨ, ਜਿਸ ਲਈ ਸੂਬਾ ਸਰਕਾਰ ਹਰ ਹਰਬਾ ਵਰਤੇਗੀ। ਉਨ੍ਹਾਂ ਨਵੇਂ ਚੁਣੇ ਪੰਚਾਂ ਨੂੰ ਪਿੰਡ ਵਾਸੀਆਂ ਦੀ ਤਰੱਕੀ ਤੇ ਖ਼ੁਸ਼ਹਾਲੀ ਯਕੀਨੀ ਬਣਾਉਣ ਦੇ ਨਾਲ-ਨਾਲ ਆਪਣੇ ਪਿੰਡਾਂ ਨੂੰ 'ਵਿਕਾਸ ਧੁਰੇ' ਵਿੱਚ ਤਬਦੀਲ ਕਰਨ ਲਈ ਨਵੇਂ ਕਦਮ ਚੁੱਕਣ ਲਈ ਆਖਿਆ ਮੁੱਖ ਮੰਤਰੀ ਨੇ ਕਿਹਾ ਕਿ ਗ੍ਰਾਮ ਪੰਚਾਇਤਾਂ ਜਮਹੂਰੀ ਢਾਂਚੇ ਦੀ ਨੀਂਹ ਹੁੰਦੀਆਂ ਹਨ ਅਤੇ ਨਵੇਂ ਚੁਣੇ ਪੰਚਾਂ ਨੂੰ ਅਹੁਦੇ ਦੀ ਸਹੁੰ ਚੁਕਾਉਣਾ ਇਕ ਇਤਿਹਾਸਕ ਮੌਕਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪੰਚਾਂ ਨੂੰ ਲੋਕਾਂ ਨੇ ਚੁਣਿਆ ਹੈ ਅਤੇ ਅੱਜ ਸੂਬੇ ਦੇ 19 ਜ਼ਿਲ੍ਹਿਆਂ ਵਿੱਚ ਅਜਿਹੇ ਸਮਾਰੋਹ ਹੋ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਭਰ ਦੇ 10031 ਨਵੇਂ ਚੁਣੇ ਸਰਪੰਚਾਂ ਨੂੰ ਲੁਧਿਆਣਾ ਵਿਖੇ 8 ਨਵੰਬਰ ਨੂੰ ਹੋਏ ਸਮਾਰੋਹ ਦੌਰਾਨ ਅਹੁਦੇ ਦੀ ਸਹੁੰ ਚੁਕਾਈ ਗਈ ਸੀ।

> ☛ ਗ੍ਰਾਮ ਪੰਚਾਇਤਾਂ ਨੂੰ ਜਮਹੂਰੀ ਢਾਂਚੇ ਦੀ ਨੀਂਹ ਦੱਸਿਆ ☛ ਪਿੰਡਾਂ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਕਰਨ ਦਾ ਸੱਦਾ ☛ ਪੰਚਾਇਤਾਂ ਦੇ ਕੰਮਕਾਜ ਵਿੱਚ ਪਾਰਦਰਸ਼ਤਾ, ਕਾਰਜਕੁਸ਼ਲਤਾ ਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਗ੍ਰਾਮ ਸਭਾਵਾਂ ਦੇ ਇਜਲਾਸ ਸੱਦਣ ਦੀ ਵਕਾਲਤ

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਵੱਲੋਂ ਚੁਣਿਆ ਜਾਣਾ ਮਾਣ ਵਾਲੀ ਗੱਲ ਹੈ ਕਿਉਂਕਿ ਇਸ ਤੋਂ ਪਤਾ ਲੱਗਦਾ ਹੈ ਕਿ ਉਸ ਆਗੂ ਪ੍ਰਤੀ ਲੋਕਾਂ ਵਿੱਚ ਕਿੰਨਾ ਵਿਸ਼ਵਾਸ ਤੇ ਸੱਚਾਈ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡੀ ਜ਼ਿੰਮੇਵਾਰੀ ਹੈ, ਜੋ ਲੋਕਾਂ ਵੱਲੋਂ ਇਨ੍ਹਾਂ ਆਗੂਆਂ ਉੱਤੇ ਪਾਈ ਜਾਂਦੀ ਹੈ ਕਿਉਂਕਿ ਇਹ ਲੋਕਾਂ ਦੀ ਬਹੁਤ ਵੱਡੀ ਸੇਵਾ ਹੈ। ਭਗਵੰਤ ਸਿੰਘ ਮਾਨ ਨੇ ਨਵੇਂ ਚੁਣੇ ਗਏ ਪੰਚਾਂ ਨੂੰ ਭਰੋਸਾ ਦਿੱਤਾ ਕਿ ਪਿੰਡਾਂ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੇਂਡੂ ਲਾਇਬ੍ਰੇਰੀਆਂ ਦੀ ਸਥਾਪਨਾ ਕਰ ਰਹੀ ਹੈ, ਜੋ ਕਿ ਸੂਬੇ ਦੇ ਵਿਕਾਸ ਅਤੇ ਖ਼ੁਸ਼ਹਾਲੀ ਦੇ ਧੁਰੇ ਵਜੋਂ ਕੰਮ ਕਰਨਗੀਆਂ। ਇਸ ਮਿਸਾਲੀ ਪਹਿਲਕਦਮੀ ਦਾ ਮੰਤਵ ਸੂਬੇ ਦੇ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਅਜਿਹੀਆਂ ਹੋਰ ਲਾਇਬ੍ਰੇਰੀਆਂ ਸਥਾਪਤ ਕਰਨ ਲਈ ਮਤੇ ਪਾਸ ਕਰਨੇ ਚਾਹੀਦੇ ਹਨ ਕਿਉਂਕਿ ਇਹ ਕਦਮ ਨੌਜਵਾਨਾਂ ਦੇ ਸ਼ਕਤੀਕਰਨ ਅਤੇ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਬਰਾਬਰ ਦਾ ਭਾਈਵਾਲ ਬਣਾਉਣ ਵਿੱਚ ਸਹਾਈ ਸਿੱਧ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲਾਇਬ੍ਰੇਰੀਆਂ ਨੌਜਵਾਨਾਂ ਦੀ ਕਿਸਮਤ ਬਦਲਣ ਵਿੱਚ ਸਹਾਈ ਹੋਣਗੀਆਂ ਅਤੇ ਨੌਕਰਸ਼ਾਹ, ਵਿਗਿਆਨੀ, ਡਾਕਟਰ, ਤਕਨੀਸ਼ੀਅਨ ਅਤੇ ਹੋਰ ਕਾਬਲ ਵਿਅਕਤੀ ਪੈਦਾ ਕਰਨਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਲਾਇਬ੍ਰੇਰੀਆਂ ਵਾਈ-ਫਾਈ, ਸੋਲਰ ਪਾਵਰ, ਡਿਜ਼ੀਟਲ ਐਨਾਲਾਗ ਅਤੇ ਹੋਰ ਉੱਚ ਪੱਧਰੀ ਸਹੂਲਤਾਂ ਨਾਲ ਲੈਸ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਸਮਕਾਲੀ ਸਾਹਿਤ ਅਤੇ ਪਾਠਕ੍ਰਮ ਬਾਰੇ ਵਿਸ਼ਵ ਪੱਧਰੀ ਪੁਸਤਕਾਂ ਹਨ, ਜੋ ਸਿੱਖਣ ਦਾ ਭਰਪੂਰ ਮੌਕਾ ਦਿੰਦੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲਾਇਬ੍ਰੇਰੀਆਂ ਗਿਆਨ ਅਤੇ ਸਾਹਿਤ ਦਾ ਸੱਚਾ ਭੰਡਾਰ ਹਨ। ਉਨ੍ਹਾਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਵੱਖ-ਵੱਖ ਵਿਸ਼ਿਆਂ ਉੱਤੇ ਕੀਮਤੀ ਪੁਸਤਕਾਂ ਮੌਜੂਦ ਹਨ, ਜੋ ਪੁਸਤਕ ਪ੍ਰੇਮੀਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਤੰਤਰ ਵਿੱਚ ਬਹੁਮਤ ਹਾਸਲ ਕਰਨ ਵਾਲਾ ਵਿਅਕਤੀ ਜਾਂ ਪਾਰਟੀ ਜੇਤੂ ਹੁੰਦੀ ਹੈ ਪਰ ਇਕ ਵਾਰ ਚੁਣੀਆਂ ਗਈਆਂ ਪੰਚਾਇਤਾਂ ਪੂਰੇ ਪਿੰਡ ਦੀਆਂ ਸਾਂਝੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਚਾਂ ਨੂੰ ਪਿੰਡ ਦੇ ਹਰ ਵਸਨੀਕ ਨਾਲ ਬਰਾਬਰ ਵਿਹਾਰ ਕਰਨਾ ਚਾਹੀਦਾ ਹੈ ਅਤੇ ਨਿਰਪੱਖਤਾ ਨਾਲ ਫੈਸਲੇ ਲੈਣੇ ਚਾਹੀਦੇ ਹਨ ਅਤੇ ਪਿੰਡਾਂ ਵਿੱਚੋਂ ਧੜੇਬੰਦੀ ਖ਼ਤਮ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਪਿੰਡਾਂ ਵਿੱਚ ਫੈਲੀ ਧੜੇਬੰਦੀ ਕਾਰਨ ਪਿੰਡਾਂ ਵਿੱਚ ਕਈ ਕੰਮ ਖ਼ਤਰੇ ਵਿੱਚ ਪੈ ਜਾਂਦੇ ਹਨ। ਮੁੱਖ ਮੰਤਰੀ ਨੇ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਾਉਣ ਲਈ ਉਸਾਰੂ ਮੁਹਿੰਮ ਸ਼ੁਰੂ ਕਰ ਕੇ ਸੂਬੇ ਦੇ ਪਿੰਡਾਂ ਦੀ ਕਾਇਆ-ਕਲਪ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣਾ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਕ ਪਾਸੇ ਸੂਬੇ ਦੇ ਮਾਹੌਲ ਨੂੰ ਸੁਧਾਰਨਾ ਅਤੇ ਦੂਜੇ ਪਾਸੇ ਪ੍ਰਦੂਸ਼ਣ ਨੂੰ ਰੋਕਣਾ ਜ਼ਰੂਰੀ ਹੈ। ਮੁੱਖ ਮੰਤਰੀ ਨੇ ਪੰਚਾਂ ਨੂੰ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਹਰੇਕ ਫ਼ੈਸਲੇ ਪੂਰੇ ਜਨਤਕ ਮਸ਼ਵਰੇ ਨਾਲ ਲੈਣ ਲਈ ਆਪੋ-ਆਪਣੇ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਦੇ ਇਜਲਾਸ ਸੱਦਣ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਸਬੰਧੀ ਫ਼ੈਸਲੇ ਗ੍ਰਾਮ ਸਭਾਵਾਂ ਵਿੱਚ ਲਏ ਜਾਣ ਤਾਂ ਜੋ ਫ਼ੰਡਾਂ ਦੀ ਸੁਚੱਜੀ ਵਰਤੋਂ ਯਕੀਨੀ ਬਣਾਈ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇ ਪੰਚਾਇਤਾਂ ਆਪਣਾ ਫ਼ਰਜ਼ ਬਾਖ਼ੂਬੀ ਨਿਭਾਉਣ ਤਾਂ ਉਹ ਆਮ ਆਦਮੀ ਅਤੇ ਆਪਣੇ ਪਿੰਡਾਂ ਦੀ ਨੁਹਾਰ ਬਦਲ ਸਕਦੀਆਂ ਹਨ। ਮੁੱਖ ਮੰਤਰੀ ਨੇ ਪੰਚਾਇਤਾਂ ਨੂੰ ਜੋਸ਼ ਨਾਲ ਕੰਮ ਕਰਨ ਅਤੇ ਸਭ ਲਈ ਆਧੁਨਿਕ ਸਹੂਲਤਾਂ ਯਕੀਨੀ ਬਣਾ ਕੇ ਆਪਣੇ ਪਿੰਡਾਂ ਨੂੰ ਨਮੂਨੇ ਦਾ ਬਣਾਉਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਪਿੰਡਾਂ ਦੀ ਭਲਾਈ ਲਈ ਪੰਚਾਇਤਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਪੰਚਾਇਤਾਂ ਨੂੰ ਹਰ ਫ਼ੈਸਲਾ ਪਿੰਡ ਵਾਸੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਪਿੰਡਾਂ ਦੇ ਸਰਬਪੱਖੀ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਮੁੱਖ ਮੰਤਰੀ ਨੇ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਵਾਲੇ ਪਿੰਡਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਪਿੰਡਾਂ ਨੇ ਇਕ ਪਾਸੇ ਤਾਂ ਪਿੰਡਾਂ ਵਿੱਚ ਸਦਭਾਵਨਾ ਅਤੇ ਆਪਸੀ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕੀਤਾ ਹੈ ਅਤੇ ਦੂਜੇ ਪਾਸੇ ਇਨ੍ਹਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਧੜੇਬੰਦੀ ਤੋਂ ਉੱਪਰ ਉੱਠ ਕੇ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸੂਝਵਾਨ ਵੋਟਰਾਂ ਨੇ ਸਾਰੀਆਂ ਪੰਚਾਇਤਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸੂਬੇ ਦੇ ਵੋਟਰਾਂ ਦੇ ਰਿਣੀ ਹਨ, ਜਿਨ੍ਹਾਂ ਨੇ ਇਨ੍ਹਾਂ ਚੋਣਾਂ ਵਿੱਚ ਪੂਰੇ ਉਤਸ਼ਾਹ ਨਾਲ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਹਿੱਸਾ ਲਿਆ ਹੈ। ਇਸ ਮੌਕੇ ਨਰਿੰਦਰ ਕੌਰ ਭਰਾਜ ਐਮ ਐਲ ਏ, ਰਾਜਵੰਤ ਸਿੰਘ ਘੁੱਲੀ, ਡਾਕਟਰ ਅਨਵਰ ਭਸੌੜ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਸਤਿੰਦਰ ਸਿੰਘ ਚੱਠਾ, ਚੇਅਰਮੈਨ ਮਿੱਕੂ ਜਵੰਦਾ, ਚੇਅਰਮੈਨ ਜਸਵੀਰ ਸਿੰਘ, ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪਰਮਜੀਤ ਸਿੰਘ ਕਾਂਝਲਾ, ਰਣਜੋਧ ਸਿੰਘ ਕਾਂਝਲਾ, ਸਰਪੰਚ ਬਿੱਲਾ ਸਾਹੀਵਾਲ, ਸਰਪੰਚ ਜੱਗਾ ਭੋਜੋਵਾਲੀ, ਸਰਪੰਚ ਗੋਪੀ ਮੀਮਸਾ, ਸਰਪੰਚ ਸਿਮਰਨਜੀਤ ਸਿੰਘ ਕਾਲਾ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਅਮਨਦੀਪ ਸਿੰਘ ਰਣੀਕੇ, ਸਰਪੰਚ ਜਗਜੀਤ ਸਿੰਘ ਕੱਕੜਵਾਲ, ਸਰਪੰਚ ਬਲਵੀਰ ਸਿੰਘ ਈਸੀ, ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਰਵਿੰਦਰ ਕੁਮਾਰ ਰਿੰਕਾ, ਸਰਪੰਚ ਗੋਗਾ ਦੁਗਨੀ, ਸਰਪੰਚ ਡਾ ਅਮਨ ਜਾਤੀਮਾਜਰਾ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਰਾਮ ਸਿੰਘ ਨੱਤ, ਸਰਪੰਚ ਗੁਰਸੇਵਕ ਸਿੰਘ ਕੁੰਭੜਵਾਲ, ਰਣਜੀਤ ਸਿੰਘ ਧੰਦੀਵਾਲ, ਮਾਣਾ ਗਰੇਵਾਲ, ਕੁਲਦੀਪ ਸਿੰਘ ਬੁੱਟਰ ਹਾਜ਼ਰ ਸਨ।

# ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ ਪਿੰਡ ਨੰਗਲਦਿਆਲ ਸਿੰਘ ਵਾਲਾ ਵਿਖੇ ਅਵਤਾਰ ਪੁਰਬ ਨੂੰ ਸਮਰਪਿਤ ਅੰਮ੍ਰਿਤ ਸੰਚਾਰ 24 ਨਵੰਬਰ ਨੂੰ

## ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਹੇਠਾਂ ਦਿੱਤੇ ਨੰਬਰਾਂ ਤੇ ਨਾਮ ਦਰਜ ਕਰਵਾਉਣ : ਬਾਬਾ ਬਿਬੇਕ ਸਿੰਘ



**ਜੰਡਿਆਲਾ ਗੁਰੂ, 19 ਨਵੰਬਰ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਅਵਤਾਰ ਦਿਹਾੜਾ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਨਗਰ ਕੀਰਤਨ, ਗੁਰਮਤਿ ਸਮਾਗਮ, ਅਤੇ ਵੱਖ ਤਰੀਕਿਆਂ ਨਾਲ ਗੁਰਮਤਿ ਅਨੁਸਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਬਾਬਾ ਬਿਬੇਕ ਸਿੰਘ ਜੀ ਨੇ ਦੱਸਿਆ ਕਿ 24 ਨਵੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਨੰਗਲਦਿਆਲ ਸਿੰਘ ਵਾਲਾ ਨਜ਼ਦੀਕ ਨਵਾਂ ਪਿੰਡ ਵਿਖੇ ਸਰਬ ਸਾਂਝੀ ਸੇਵਾ ਸੁਸਾਇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਸਦਕਾ ਅਵਤਾਰ ਪੁਰਬ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਅੰਮ੍ਰਿਤ ਅਭਿਲਾਖੀ ਸਵੇਰੇ 10 ਵਜੇ ਕੇਸੀ ਇਸਨਾਨ ਕਰਕੇ ਗੁਰਦੁਆਰਾ ਬਾਬਾ ਜੀਵਨ ਸਿੰਘ ਪਿੰਡ ਨੰਗਲਦਿਆਲ ਸਿੰਘ ਵਾਲਾ ਵਿਖੇ ਪਹੁੰਚ ਕਰਕੇ ਗੁਰੂ ਵਾਲੇ ਬਣ ਕਿ ਬਾਣੀ ਬਾਣੇ ਦੇ ਧਾਰਨੀ ਹੋ ਕਿ ਆਪਣਾ ਜੀਵਨ ਸਫ਼ਲ ਕਰੋ । ਜਿਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤ ਛਕਣਾ ਹੋਵੇ ਇਨ੍ਹਾਂ ਨੰਬਰਾਂ 97810 -13856 , 82649 -24780, 79865 -27709, 98784 -85701 ਤੇ ਸੰਪਰਕ ਕਰਕੇ ਆਪਣਾ ਨਾਮ ਦਰਜ਼ ਕਰਵਾ ਸਕਦੀਆਂ ਹਨ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਸੰਗਤਾਂ ਵਿਸ਼ੇਸ਼ ਤੌਰ ਤੇ ਨੋਟ ਕਰਨ ਕਿ ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਨੂੰ ਕਕਾਰ ਭੇਟਾ ਰਹਿਤ ( ਫ੍ਰੀ ) ਦਿੱਤੇ ਜਾਣਗੇ।

# ਭਾਈ ਲਾਲੋ ਜੀ ਸੇਵਾ ਸੁਸਾਇਟੀ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਸਦਕਾ ਆਨੰਦ ਕਾਰਜ ਕਰਵਾਏ ਗਏ ਸਮੂਹ ਸੰਗਤਾਂ ਦਾ ਧੰਨਵਾਦ : ਬਾਬਾ ਬਿਬੇਕ ਸਿੰਘ



**ਜੰਡਿਆਲਾ ਗੁਰੂ, 19 ਨਵੰਬਰ ( ਕੁਲਵੰਤ ਸਿੰਘ ਵਿਰਦੀ)**-ਅੱਜ ਬਾਬਾ ਬਿਬੇਕ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਜੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਬੀਤੇ ਦਿਨ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਲੋੜਵੰਦ ਬੇਟੀਆਂ ਦੇ ਚਾਰ ਸਮੂਹਿਕ ਵਿਆਹ ਆਨੰਦ ਕਾਰਜ ਕਰਵਾਏ ਗਏ ਹਨ ਇਸ ਮੌਕੇ ਆਈਆਂ ਸਮੂਹ ਬਰਾਤਾਂ ਨੂੰ ਵਧੀਆ ਢੰਗ ਤਰੀਕੇ ਨਾਲ ਸੰਭਾਲਿਆ ਗਿਆ ਅਤੇ ਵਿਆਹ ਵਾਲੀਆਂ ਬੇਟੀਆਂ ਨੂੰ ਪੇਟੀ,ਬੈਡ, ਬਿਸਤਰੇ, ਭਾਂਡੇ ,ਪੱਖੇ,ਕੱਪੜੇ ਆਦਿ ਘਰੇਲੂ ਸਮਾਨ ਦੇ ਕਿ ਬੇਟੀਆਂ ਨੂੰ ਵਿਦਾ ਕੀਤਾ ਗਿਆ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਵਿੱਚ ਭਾਈ ਲਾਲੋ ਜੀ ਸੇਵਾ ਸੁਸਾਇਟੀ ਦਾ ਵਿਸ਼ੇਸ਼ ਉਪਰਾਲਾ ਰਿਹਾ ਅਤੇ ਆਦਿ ਸ਼ਹਿਰ ਵਿੱਚ ਸਥਿਤ ਵੱਖ ਵੱਖ ਜਥੇਬੰਦੀਆਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਹੀ ਇਹ ਸਮਾਗਮ ਕਰਵਾਇਆ ਗਿਆ ਹੈ ਇਨ੍ਹਾਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਬਾਬਾ ਲੱਖਾ ਸਿੰਘ ਨਾਨਕਸਰ ਸਾਹਿਬ ਵਾਲਿਆਂ ਵੱਲੋਂ ਵਿਸ਼ੇਸ਼ ਤੌਰ ਤੇ ਫੋਨ ਕਰਕੇ ਵਧਾਈ ਦਿੱਤੀ ਅਤੇ ਸੇਵਾਦਾਰਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ ਅਤੇ ਇਨ੍ਹਾਂ ਸਮਾਗਮਾਂ ਵਿੱਚ ਵਿਸ਼ੇਸ਼ ਤੌਰ ਤੇ ਬਾਬਾ ਪਵਨਪ੍ਰੀਤ ਸਿੰਘ ਕਰੋਲ ਕਾ ਟਿੱਬਾ ਹਿਮਾਚਲ ਪ੍ਰਦੇਸ਼ ਵਾਲਿਆਂ ਨੇ ਹਾਜ਼ਰੀਆਂ ਭਰੀਆਂ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਸੰਤਾਂ ਮਹਾਂਪੁਰਖਾਂ ਅਤੇ ਭਾਈ ਲਾਲੋ ਜੀ ਸੇਵਾ ਸੁਸਾਇਟੀ ਦੇ ਪਹੁੰਚੇ ਸੇਵਾਦਾਰ ਤੇ ਸਮੂਹ ਸੁਸਾਇਟੀ ਦਾ,ਭਾਈ ਇੰਦਰ ਸਿੰਘ ਪੇਟੀਆਂ ਵਾਲਿਆਂ ਤੇ, ਇਲਾਕੇ ਦੀਆਂ ਸਮੂਹ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਸਮੂਹ ਸੰਗਤਾਂ ਨੂੰ ਇਸ ਤਰ੍ਹਾਂ ਦੇ ਸਮਾਗਮ ਰਲਮਿਲ ਕੇ ਕਰਵਾਉਣੇ ਚਾਹੀਦੇ ਹਨ ਅਤੇ ਅਸੀ ਵੀ ਵਾਹਿਗੂਰੂ ਜੀ ਦੈ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਗੁਰੂ ਸਾਹਿਬ ਜੀ ਦੀ ਆਪਾਰ ਬਖਸ਼ਿਸ਼ ਨਾਲ ਹਰ ਸਾਲ ਸਾਨੂੰ ਵੀ ਸੰਗਤਾਂ ਦੇ ਦਰਸ਼ਨ ਅਤੇ ਜੋੜੇ ਝਾੜਨ ਦਾ ਮੌਕਾ ਪ੍ਰਾਪਤ ਹੁੰਦਾ ਰਹੇਗਾ 9,

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬ੍ਰਿਟਿਸ਼ ਪੀਐਮ ਕੀਰ ਸਟਾਰਮਰ ਜੀ-20 ਸਿਖਰ ਸੰਮੇਲਨ ਵਿੱਚ

# ਨਰਿੰਦਰ ਮੋਦੀ ਅਗੇ ਜੱਗੀ ਜੋਹਲ ਦੀ ਰਿਹਾਈ ਦਾ ਮਸਲਾ ਚੱਕਣ : ਸਿੱਖ ਫੈਡਰੇਸ਼ਨ ਯੂਕੇ



**ਨਵੀਂ ਦਿੱਲੀ 19 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):-** ਕੀਰ ਸਟਾਰਮਰ ਯੂਕੇ ਦੇ ਪ੍ਰਧਾਨ ਮੰਤਰੀ ਵਜੋਂ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਜੀ-20 ਸਿਖਰ ਸੰਮੇਲਨ ਵਿੱਚ ਪਹਿਲੀ ਵਾਰ ਨਰਿੰਦਰ ਮੋਦੀ ਨੂੰ ਮਿਲਣਗੇ। ਇਸ ਤੋਂ ਪਹਿਲਾਂ ਬ੍ਰਿਟਿਸ਼ ਸਿੱਖਾਂ ਵਲੋਂ ਸੁਨਕ 'ਤੇ ਦਬਾਅ ਪਾਇਆ ਗਿਆ ਸੀ ਅਤੇ ਉਨ੍ਹਾਂ ਨੂੰ ਭਾਰਤ ਦੀ ਜੇਲ੍ਹ ਅੰਦਰ ਬੰਦ ਜਗਤਾਰ ਸਿੰਘ ਜੌਹਲ ਦਾ ਕੇਸ ਉਠਾਉਣ ਲਈ ਮਜ਼ਬੂਰ ਕੀਤਾ ਗਿਆ ਸੀ ।

## ਕੀਰ ਸਟਾਰਮਰ ਨੂੰ ਫੈਡਰੇਸ਼ਨ ਵਲੋਂ ਲਿਖਿਆ ਗਿਆ ਪੱਤਰ

ਹੁਣ ਫਰਕ ਇਹ ਹੈ ਕਿ ਕੀਰ ਸਟਾਰਮਰ ਸਵੀਕਾਰ ਕਰਦਾ ਹੈ ਕਿ ਜਗਤਾਰ ਸਿੰਘ ਜੌਹਲ ਨੂੰ ਤਸੀਹੇ ਦਿੱਤੇ ਗਏ ਹਨ ਅਤੇ 7 ਸਾਲਾਂ ਤੋਂ ਇੱਕ ਭਾਰਤੀ ਜੇਲ੍ਹ ਵਿੱਚ ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤਾ ਗਿਆ ਹੈ। ਬੀਤੀ 6 ਨਵੰਬਰ ਨੂੰ ਜੱਗੀ ਜੋਹਲ ਦੇ ਇਲਾਕੇ ਦੇ ਐਮਪੀ ਡਗਲਸ ਮੈਕਐਲਿਸਟਰ ਨੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਤੋਂ ਇਹ ਭਰੋਸਾ ਮੰਗਿਆ ਕਿ "ਉਹ ਜਗਤਾਰ ਦੀ ਤੁਰੰਤ ਰਿਹਾਈ ਅਤੇ ਉਸਨੂੰ ਘਰ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ÷। ਜਵਾਬ ਵਿੱਚ ਕੀਰ ਸਟਾਰਮਰ ਨੇ ਕਿਹਾ, ਅਸੀਂ ਇਸ ਮਹੱਤਵਪੂਰਨ ਮਾਮਲੇ 'ਤੇ ਭਾਰਤ ਸਰਕਾਰ 'ਤੇ ਦਬਾਅ ਪਾਉਣ ਲਈ ਵਚਨਬੱਧ ਹਾਂ।

ਸਿੱਖ ਫੈਡਰੇਸ਼ਨ ਯੂਕੇ ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਕੀਰ ਸਟਾਰਮਰ ਕੋਲ ਜੀ-20 ਸੰਮੇਲਨ ਵਿੱਚ ਇਹ ਦਿਖਾਉਣ ਦਾ ਇੱਕ ਸ਼ਾਨਦਾਰ ਮੌਕਾ ਹੈ ਕਿ ਉਹ ਇੱਕ ਮਜ਼ਬੂਤ ਪ੍ਰਧਾਨ ਮੰਤਰੀ ਹੈ ਅਤੇ ਬ੍ਰਿਟਿਸ਼ ਨਾਗਰਿਕਾਂ ਲਈ ਖੜ੍ਹਾ ਹੈ। ਕੀਰ ਸਟਾਰਮਰ ਨੂੰ 6 ਨਵੰਬਰ ਨੂੰ ਸੰਸਦ ਵਿੱਚ ਜਗਤਾਰ ਦੇ ਲੇਬਰ ਐਮਪੀ ਨਾਲ ਕੀਤੇ ਵਾਅਦੇ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਰਿਓ ਡੀ ਜਨੇਰੀਓ ਵਿੱਚ ਨਰਿੰਦਰ ਮੋਦੀ ਨੂੰ ਜਗਤਾਰ ਨੂੰ ਤੁਰੰਤ ਰਿਹਾਅ ਕਰਕੇ ਘਰ ਲਿਆਉਣ ਲਈ ਦਬਾਅ ਪਾਉਣਾ ਚਾਹੀਦਾ ਹੈ। ਕੀਰ ਸਟਾਰਮਰ ਨੂੰ ਜੇਰੇਮੀ ਹੰਟ ਜਦੋਂ ਉਹ ਵਿਦੇਸ਼ ਸਕੱਤਰ ਸੀ ਨੇ 5 ਸਾਲ ਪਹਿਲਾਂ ਅਪ੍ਰੈਲ 2019 ਵਿੱਚ ਜਗਤਾਰ ਦੀ ਪਤਨੀ ਨੂੰ ਕਿਹਾ ਸੀ ਕਿ ਜਗਤਾਰ ਦੀ ਭਾਰਤ ਵਿੱਚ ਨਿਰਪੱਖ ਸੁਣਵਾਈ ਦੀ ਕੋਈ ਸੰਭਾਵਨਾ ਨਹੀਂ ਹੈ। ਅਜਿਹੀ ਪ੍ਰਣਾਲੀ 'ਤੇ ਕੋਈ ਭਰੋਸਾ ਨਹੀਂ ਜੋ ਤਸ਼ੱਦਦ ਦੀ ਇਜਾਜ਼ਤ ਦਿੰਦਾ ਹੈ, ਜ਼ਬਰਦਸਤੀ ਪ੍ਰਾਪਤ ਕੀਤੇ ਗਏ ਇਕਬਾਲੀਆ ਬਿਆਨ ਅਤੇ 7 ਸਾਲਾਂ ਵਿੱਚ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ ਹੈ ਯਾਦ ਰੱਖਣਾ ਚਾਹੀਦਾ ਹੈ ।ਅਤੇ ਕੀਰ ਸਟਾਰਮਰ ਨੇ ਆਪ ਸਵੀਕਾਰ ਕੀਤਾ ਹੋਇਆ ਹੈ ਕਿ ਜਗਤਾਰ ਅਤੇ ਉਸਦੇ ਪਰਿਵਾਰ ਨੇ ਪਿਛਲੇ 7 ਸਾਲਾਂ ਵਿੱਚ ਕਾਫ਼ੀ ਦੁੱਖ ਝੱਲੇ ਹਨ । ਉਸਨੂੰ ਜਗਤਾਰ ਅਤੇ ਉਸਦੇ ਪਰਿਵਾਰ ਲਈ ਦੁੱਖ ਨੂੰ ਖਤਮ ਕਰਨਾ ਚਾਹੀਦਾ ਹੈ।

ਦਬਿੰਦਰਜੀਤ ਸਿੰਘ ਨੇ ਕਿਹਾ ਕਿ ਸਾਰੇ ਬ੍ਰਿਟਿਸ਼ ਸਿੱਖਾਂ ਦੀਆਂ ਨਜ਼ਰਾਂ ਜੀ-20 ਸੰਮੇਲਨ ਵਿੱਚ ਕੀਰ ਸਟਾਰਮਰ 'ਤੇ ਹਨ ਅਤੇ ਉਹ ਸਿੱਖ ਮਸਲਿਆਂ ਬਾਰੇ ਨਰਿੰਦਰ ਮੋਦੀ ਨੂੰ ਕੀ ਕਹਿਣਗੇ। ਟਰੂਡੋ ਅਤੇ ਐਂਥਨੀ ਅਲਬਾਨੀਜ਼ ਦੇ ਰੂਪ ਵਿੱਚ ਫਾਈਵ ਆਈਜ਼ ਨੇਸ਼ਨਜ਼ ਖੁਫੀਆ ਜਾਣਕਾਰੀ ਇਕੱਠੀ ਕਰਨਾ ਅਤੇ ਸਾਂਝਾ ਕਰਨਾ ਬਹੁਤ ਮਹੱਤਵਪੂਰਨ ਹੈ। ਕੀਰ ਸਟਾਰਮਰ ਨੂੰ ਲਿਖੀ ਆਪਣੀ ਚਿੱਠੀ ਵਿੱਚ ਅਸੀਂ ਉਸ ਨੂੰ ਜੂਨ 2023 ਵਿੱਚ ਸਿੱਖ ਕਾਰਕੁਨਾਂ ਵਿਰੁੱਧ ਕਤਲੇਆਮ ਅਤੇ ਸਾਜ਼ਿਸ਼ਾਂ ਤੋਂ ਬਾਅਦ ਵੈਸਟ ਮਿਡਲੈਂਡਜ਼ ਵਿੱਚ ਸਿੱਖਾਂ ਨੂੰ ਬ੍ਰਿਟਿਸ਼ ਖੁਫੀਆ ਸੇਵਾਵਾਂ ਦੁਆਰਾ "ਜਾਨ ਲਈ ਖ਼ਤਰੇ" ਦੀਆਂ ਚੇਤਾਵਨੀਆਂ ਬਾਰੇ ਦੱਸਿਆ ਹੈ।

ਸਾਡੇ ਪੱਤਰ ਨੇ ਕੀਰ ਸਟਾਰਮਰ ਦੇ ਕਮਾਨ ਵਿੱਚ ਇੱਕ ਸਮੇਂ ਸਿਰ ਚੇਤਾਵਨੀ ਭੇਜੀ ਹੈ ਕਿ ਉਸਨੂੰ ਬ੍ਰਿਟਿਸ਼ ਸਿੱਖ ਭਾਈਚਾਰੇ ਦੇ ਨਾਲ ਖੜੇ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਸੰਪੰਨ ਹਾਂ ਅਤੇ ਯੂਕੇ ਵਿੱਚ ਸਿੱਖਾਂ ਵਿਰੁੱਧ ਭਾਰਤ ਸਰਕਾਰ ਦੀਆਂ ਕਾਰਵਾਈਆਂ ਦਾ ਪਰਦਾਫਾਸ਼ ਕਰਨ ਲਈ ਦ੍ਰਿੜ ਰਹਾਂਗੇ।"

ਪਿਆਰ ਦੀਆਂ ਤੰਦਾਂ ਨੂੰ ਮਜ਼ਬੂਤ ਰੱਖਣ ਲਈ ਬੱਚਿਆਂ ਦੇ ਜਨਮ ਦਿਨ ਮਨਾਉਣ ਨਾਲ

# ਪਰਿਵਾਰ ਨੂੰ ਸਮਾਂ ਮਿਲ ਜਾਂਦਾ : ਅਵਤਾਰ ਸਿੰਘ ਟੱਕਰ



**ਜੰਡਿਆਲਾ ਗੁਰੂ 19 ਨਵੰਬਰ ( ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨ ਕਾਂਗਰਸ ਪਾਰਟੀ ਦੇ ਜਿਲ੍ਹਾ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਸ੍ਰ ਅਵਤਾਰ ਸਿੰਘ ਟੱਕਰ ਜਾਣੀਆਂ ਅਤੇ ਦਾਦੀ ਸ੍ਰੀ ਮਤੀ ਰੰਜਨਾ ਟੱਕਰ ਸਾਬਕਾ ਬਲਾਕ ਸੰਮਤੀ ਮੈਂਬਰ ਵੱਲੋਂ ਆਪਣੇ ਪੋਤਰੇ ਸ੍ਰ ਅਵੀਰਾਜ ਸਿੰਘ ਟੱਕਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟ ਕੇ ਖੁਸ਼ੀ ਸਾਂਝੀ ਕੀਤੀ ਅਤੇ ਆਪਣੇ ਪੋਤਰੇ ਨੂੰ ਗਿਫ਼ਟ ਅਤੇ ਅਸੀਸਾਂ ਪ੍ਰਦਾਨ ਕੀਤੀਆਂ ਇਸ ਖੁਸ਼ੀ ਦੇ ਮੌਕੇ ਤੇ ਸ੍ਰ ਟੱਕਰ ਨੇ ਕਿਹਾ ਕਿ ਮੇਰੇ ਮਨ ਦੇ ਖਿਆਲ ਹਨ ਕਿ ਬੇਸ਼ੱਕ ਅੱਜ ਮੌਡਰਨ ਜ਼ਮਾਨੇ ਦੇ ਅੰਦਰ ਬੱਚੇ ਤੋਂ ਲੈਕੇ ਵਡੇਰੀ ਉਮਰ ਤੱਕ ਜ਼ਨਮ ਦਿਨ ਵਿਆਹ ਦੀ ਵਰ੍ਹੇਗੰਢ ਮਨਾਈ ਜਾਂਦੀ ਹੈ ਵੈਸੇ ਤਾਂ ਅੱਜ ਕੱਲ੍ਹ ਭੱਜ ਦੌੜ ਦੇ ਸਮੇਂ ਅੰਦਰ ਪ੍ਰੀਵਾਰ ਲਈ ਸਮਾਂ ਕੱਢਣਾ ਬਹੁਤ ਔਖਾ ਹੁੰਦਾ ਜਾ ਰਿਹਾ ਹੈ ਪਰ ਇਨ੍ਹਾਂ ਖੁਸ਼ੀ ਦੇ ਦਿਨਾਂ ਨੂੰ ਮਨਾਉਣ ਵਾਲੇ ਦਿਨ ਚ ਇਕ ਬੇਹਤਰੀਨ ਸਮਾਂ ਮਹਿਸੂਸ ਹੁੰਦਾ ਹੈ ਜਿਸ ਨਾਲ ਪੂਰਾ ਪ੍ਰੀਵਾਰ ਇਕੱਠਾ ਹੋ ਕੇ ਆਪਣੀ ਖੁਸ਼ੀ ਸਾਂਝੀ ਕਰਦਾ ਹੈ ਅਤੇ ਭੈਣ ਭਰਾ ਸਾਕ ਸਬੰਧੀ ਇਸ ਦਿਨ ਨੂੰ ਖਾਸ ਸਮਝ ਕੇ ਸੋਸ਼ਲ ਮੀਡੀਆ ਪਲੇਟਫਾਰਮ ਰਾਹੀਂ ਜਾਂ ਫੋਨ ਰਾਹੀਂ ਆਪਣੇ ਪਿਆਰ ਤੇ ਅਸੀਸਾਂ ਦੇ ਕੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ 9 ਅੱਗੇ ਟੱਕਰ ਨੇ ਕਿਹਾ ਕਿ ਇਨ੍ਹਾਂ ਦਿਨਾਂ ਨੂੰ ਹਰ ਇੱਕ ਇਨਸਾਨ ਨੂੰ ਮਨਾਉਣਾ ਚਾਹੀਦਾ ਹੈ ਜਿਨ੍ਹਾਂ ਨੂੰ ਮਨਾਉਣ ਨਾਲ ਸਾਡੇ ਪਿਆਰ ਦੀਆਂ ਤੰਦਾਂ ਮਜ਼ਬੂਤ ਅਤੇ ਬੇਹਤਰੀਨ ਰਹਿਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸੁਖਬੀਰ ਬਾਦਲ ਆਪਣੇ ਬਾਪੂ ਸ ਪ੍ਰਕਾਸ਼ ਸਿੰਘ ਬਾਦਲ ਵਾਂਗ ਸਿਆਸੀ ਡਰਾਮੇ ਖੇਡਣੇ ਬੰਦ ਕਰੇ, ਇਸ ਨੂੰ ਪੰਥ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ: ਚੇਅਰਮੈਨ ਮਨਜੀਤ ਸਿੰਘ ਭੋਮਾ



ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਸੁਖਬੀਰ ਬਾਦਲ ਦੇ ਅਸਤੀਫੇ ਨੂੰ ਵਿੰਗੇ ਟਿੰਗੇ ਢੰਗ ਨਾਲ ਪ੍ਰਵਾਨ ਨਾ ਕਰਨ ਤੇ ਵਰਕਿੰਗ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਦੀ ਸੋਚੀ ਸਮਝੀ ਚਾਲ ਤਹਿਤ ਸਕ੍ਰਿਪਟ ਕੀਤਾ ਡਰਾਮਾ ਕਰਾਰ ਦਿੰਦਿਆਂ ਕਿਹਾ ਕਿ ਸੁਖਬੀਰ ਬਾਦਲ ਆਪਣੇ ਬਾਪ ਸ ਪ੍ਰਕਾਸ਼ ਸਿੰਘ ਬਾਦਲ ਦੀ ਤਰ੍ਹਾਂ ਉਹੀ ਸਿਆਸੀ ਡਰਾਮੇ ਖੇਡ ਰਿਹਾ ਹੈ ਜਿਹੜਾ ਡਰਾਮਾ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜਥੇਦਾਰ ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਦੇ ਸਮੇਂ ਅਕਾਲ ਤਖਤ ਸਾਹਿਬ ਤੇ ਕਰਵਾਈ ਜਾ ਰਹੀ ਸਾਰੇ ਅਕਾਲੀ ਦਲਾਂ ਦੀ ਏਕਤਾ ਨੂੰ ਤਾਰਪੀਡੋ ਕਰਨ ਲਈ ਪ੍ਰਕਾਸ਼ ਸਿੰਘ ਬਾਦਲ ਨੇ ਖੇਡਿਆ ਸੀ ।ਜਿਸ ਤਰ੍ਹਾ ਪ੍ਰਕਾਸ਼ ਸਿੰਘ ਬਾਦਲ ਆਪਣੇ ਅਕਾਲੀ ਦਲ ਦੀ ਪੰਜ ਮੈਂਬਰੀ ਪ੍ਰਜੀਡੀਅਮ ਬਣਾ ਕੇ ਆਪ ਅਸਤੀਫਾ ਦੇ ਕੇ ਅਗਿਆਤਵਾਸ ਹੋ ਗਏ ਸਨ। ਅੱਜ ਉਹੀ ਸਿਆਸੀ ਡਰਾਮਾ ਆਪਣੀ ਪ੍ਰਧਾਨਗੀ ਬਚਾਉਣ ਲਈ ਸੁਖਬੀਰ ਸਿੰਘ ਬਾਦਲ ਖੇਡ ਰਿਹਾ ਹੈ। ਜਿਸ ਨੂੰ ਪੰਥ ਅਤੇ ਪੰਜਾਬ ਦੇ ਲੋਕ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ ।ਭੋਮਾ ਨੇ ਕਿਹਾ ਕਿ ਜੇਕਰ ਸੁਖਬੀਰ ਸਿੰਘ ਬਾਦਲ ਨੇ ਆਪਣੀ ਪ੍ਰਧਾਨਗੀ ਛੱਡਣੀ ਨਹੀ ਸੀ ਤੇ ਫਿਰ ਅਸਤੀਫਾ ਦੇਣ ਦਾ ਡਰਾਮਾ ਕਰਨ ਕੀ ਲੋੜ ਸੀ ? ਜਿਹੜੇ ਮਲਾਈਆ ਛਕਣ ਵਾਲੇ ਗ਼ੈਰ ਪੰਥਕ ਲੋਕ ਸ ਸੁਖਬੀਰ ਸਿੰਘ ਬਾਦਲ ਦੇ ਆਲੇ ਦੁਆਲੇ ਕਾਵਾਂ ਰੌਲੀ ਪਾ ਰਹੇ ਹਨ ਉਹ ਲੋਕ ਹੀ ਸੁਖਬੀਰ ਸਿੰਘ ਬਾਦਲ ਦਾ ਬੇੜਾ ਡੋਬਣ ਵਾਲੇ ਹਨ। ਇਹਨਾਂ ਲੋਕਾ ਨੂੰ ਧਰਮ ਅਤੇ ਪੰਥ ਦੀ ਰਾਜਨੀਤੀ ਦੀ ਕੋਈ ਸਮਝ ਹੀ ਨਹੀਂ ਇਹ ਲੋਕ ਸ ਸੁਖਬੀਰ ਬਾਦਲ ਵਾਂਗ ਅੱਜ ਤੱਕ ਰੱਬ ਨੂੰ ਟੱਬ ਹੀ ਦੱਸਦੇ ਰਹੇ ਹਨ। ਅਤੇ ਹੁਣ ਵੀ ਇਹ ਲੋਕ ਵਰਕਿੰਗ ਕਮੇਟੀ ਤੇ ਆਪਣੇ ਅਸਤੀਫਿਆਂ ਰਾਹੀ ਦਬਾਅ ਪਾ ਕੇ ਸੁਖਬੀਰ ਦੀਆਂ ਨਜ਼ਰਾਂ ਵਿੱਚ ਟਿਕਟਾਂ ਲੈਣ ਦੀ ਖ਼ਾਤਰ ਉਸ ਦੀ ਹਮਦਰਦੀ ਲੈਣ ਅਤੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਉਣ ਵਿੱਚ ਲੱਗੇ ਹੋਏ ਹਨ। ਉਹਨਾਂ ਕਿਹਾ ਕਿ ਇਹਨਾਂ ਲੋਕਾਂ ਨੂੰ ਸ਼ਾਇਦ ਇਹ ਯਾਦ ਨਹੀਂ ਕਿ ਪੰਜਾਬ ਅਤੇ ਪੰਥ ਸੁਖਬੀਰ ਬਾਦਲ ਦੇ ਬਜਰ ਗੁਨਾਹਾਂ ਦੀ ਸਜ਼ਾ ਉਸਨੂੰ ਪਿਛਲੀਆਂ ਕਈ ਚੋਣਾ ਵਿੱਚ ਦੇ ਚੁੱਕਾ ਹੈ । ਪੰਜਾਬੀ ਅਤੇ ਪੰਥਕ ਲੋਕ ਸਦਾ ਲਈ ਸ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਹੋ ਚੁੱਕੇ ਹਨ । ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਝੂੰਦਾ ਕਮੇਟੀ ਦੀ ਰਿਪੋਰਟ ਅਨੁਸਾਰ ਵਕ.ਤ ਵਹਾਂ ਚੁੱਕੀ ਹੈ ਉਹਨਾਂ ਕਿਹਾ ਇਸ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਨੂੰ ਸ਼ਰੇਆਮ ਲਲਕਾਰ ਕੇ ਚੈਲੰਜ ਕਰ ਰਹੇ ਹਨ । ਇਸ ਸਮੇਂ ਲੜਾਈ ਬਾਦਲ ਪਰਿਵਾਰ ਅਤੇ ਅਕਾਲ ਤਖ਼ਤ ਸਾਹਿਬ ਦੇ ਵਿਚਕਾਰ ਚੱਲ ਰਹੀ ਹੈ। ਉਹਨਾਂ ਕਿਹਾ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਸਾਹਿਬ ਵਲੋਂ ਤਨਖ਼ਾਹੀਆ ਕਰਾਰ ਦੇਣ ਤੋਂ ਬਾਅਦ ਇਸ ਸਜ਼ਾ ਨੂੰ ਤਾਰਪੀਡੋ ਕਰਨ ਲਈ ਕਈ ਤਰ੍ਹਾਂ ਦੀਆਂ ਧਮਕੀਆਂ ਦੇਣ ਤੇ ਪਲ੍ਰੋਸਣ ਦੇ ਪਾਪੜ ਵੇਲੇ ਜਾ ਰਹੇ ਹਨ ।ਜਦੋਂ ਸਾਰਾ ਪੰਥ ਤੇ ਪੰਜਾਬ ਸੁਖਬੀਰ ਬਾਦਲ ਨੂੰ ਸਜ਼ਾ ਸੁਣਾ ਚੁੱਕਾ ਹੈ ਤੇ ਪੰਜ ਸਿੰਘ ਸਾਹਿਬਾਨ ਲੋਕਾਂ ਦੇ ਫੈਸਲੇ ਤੇ ਮੋਹਰ ਲਾ ਕੇ ਉਸ ਨੂੰ ਤਨਖਾਹੀਆ ਕਰਾਰ ਦੇ ਚੁੱਕੇ ਹਨ ਤੇ ਸਿਰਫ਼ ਸਜ਼ਾ ਸੁਣਾਉਣੀ ਬਾਕੀ ਹੈ । ਪੰਥ ਅਕਾਲ ਤਖ਼ਤ ਸਾਹਿਬ ਤੋਂ ਸੁਖਬੀਰ ਸਿੰਘ ਬਾਦਲ ਨੂੰ ਕੀ ਸਜ਼ਾ ਸੁਣਾਈ ਜਾਂਦੀ ਹੈ ਉਸਦੀ ਉਡੀਕ ਕਰ ਰਿਹਾ ਹੈ ।

ਵਿਚਾਰ ਆਪੋ-ਆਪਣਾ

# ਕਰਤਾਰਪੁਰ ਕੋਰੀਡੋਰ ਨੂੰ ਜੋੜਦੀ ਨਵੀਂ ਬਣ ਰਹੀ ਸੜ੍ਹਕ ਦੀ ਕੈਬਨਿਟ ਮੰਤਰੀ ਈ ਟੀ ਓ ਨੇ ਕੀਤੀ ਅਚਨਚੇਤ ਜਾਂਚ

## ਲੋਕ ਨਿਰਮਾਣ ਵਿਭਾਗ ਦੇ ਕੰਮਾਂ ਦੀ ਗੁਣਵੱਤਾ ਮੇਰੀ ਪਹਿਲੀ ਤਰਜੀਹ-ਈਟੀਓ



**ਜੰਡਿਆਲਾ ਗੁਰੂ 19 ਨਵੰਬਰ ( ਕੁਲਵੰਤ ਸਿੰਘ ਵਿਰਦੀ)**-ਲੋਕ ਨਿਰਮਾਣ ਅਤੇ ਬਿਜਲੀ ਵਿਭਾਗ ਦੇ ਕੈਬਿਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਨੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਨਾਲ ਜੁੜਦੀ ਨਵੀ ਬਣ ਰਹੀ ਸੜਕ ਦੇ ਕੰਮ ਦਾ ਅਚਨਚੇਤ ਨਰੀਖਣ ਕੀਤਾ। ਉਹਨਾਂ ਇਸ ਮੌਕੇ ਹਾਜ਼ਰ ਅਧਿਕਾਰੀਆਂ ਨੂੰ ਮੁਖਾਤਿਬ ਹੁੰਦੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਪੰਜਾਬ ਦੇ ਲੋਕਾਂ ਦੀਆਂ ਸਾਂਝੀਆਂ ਜਾਇਦਾਦਾਂ ਜਿਸ ਵਿੱਚ ਸੜਕਾਂ, ਪੁਲ, ਦਫਤਰ ਅਤੇ ਹੋਰ ਵੱਡੇ ਪ੍ਰੋਜੈਕਟ ਸ਼ਾਮਿਲ ਹਨ ਨੂੰ ਪੂਰਾ ਕਰਵਾਉਣ ਲਈ ਜਿੰਮੇਵਾਰ ਹੈ ਅਤੇ ਬਤੌਰ ਮੰਤਰੀ ਮੇਰੀ ਪਹਿਲੀ ਤਰਜੀਹ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਗੁਣਵੱਤਾ ਬਣਾਈ ਰੱਖਣ ਦੀ ਹੈ ਜਿਸ ਵਿੱਚ ਕੋਈ ਵੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨਾਂ ਕਿਹਾ ਕਿ ਸੜਕਾਂ ਅਤੇ ਇਮਾਰਤਾਂ ਦੀ ਉਸਾਰੀ ਦੇ ਮਾਮਲੇ ਵਿੱਚ ਕੋਈ ਸਮਝੌਤਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦੱਸਣ ਯੋਗ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਲੇ ਸ਼ਰਧਾਲੂਆਂ ਲਈ ਬਣਾਈ ਜਾ ਰਹੀ ਇਹ ਸੜਕ 19.68 ਕਿਲੋਮੀਟਰ ਲੰਬੀ ਹੈ ਅਤੇ 23.50 ਕਰੋੜ ਦੀ ਲਾਗਤ ਨਾਲ ਇਸਨੂੰ 18 ਫੁੱਟ ਤੋਂ 33 ਫੁੱਟ ਤੱਕ ਚੌੜਾ ਅਤੇ ਮਜਬੂਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦੀ ਮਹੱਤਤਾ ਨੂੰ ਸਮਝਦੇ ਹੋਏ ਮੈਂ ਇਹ ਯਕੀਨੀ ਬਣਾਉਂਦਾ ਹਾਂ ਕਿ ਇਹ ਪ੍ਰਾਜੈਕਟ ਜਲਦੀ ਅਤੇ ਸਹੀ ਢੰਗ ਨਾਲ ਪੂਰਾ ਹੋਵੇਗਾ। ਸ ਹਰਭਜਨ ਸਿੰਘ ਨੇ ਕਿਹਾ ਕਿ ਵਿਭਾਗ ਵਿੱਚ ਭ੍ਰਿਸ਼ਟਾਚਾਰ ਲਈ ਕੋਈ ਥਾਂ ਨਹੀਂ ਹੈ ਅਤੇ ਲਾਪਰਵਾਹੀ ਕਰਨ ਵਾਲੇ ਅਧਿਕਾਰੀਆਂ /ਕਰਮਚਾਰੀਆਂ ਖਿਲਾਫ਼ ਵੀ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 20 ਨਵੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੫ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

ਸੰਤ ਦਲਵਿੰਦਰ ਸਿੰਘ ਦੀ ਸਪੁੱਤਰੀ ਦੇ ਸ਼ੁਭ ਵਿਵਾਹ ਮੌਕੇ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਮੇਤ ਅਨੇਕਾਂ ਪੰਥਕ ਸ਼ਖਸੀਅਤਾਂ ਨੇ ਸੁਭਾਗੀ ਜੋੜੀ ਨੂੰ ਦਿੱਤਾ ਆਸ਼ੀਰਵਾਦ














ਗੁਰਦੁਆਰਾ ਖਾਲਸਾ ਪ੍ਰਚਾਰ ਸੰਤ ਭਵਨ ਇਸਰਾਣਾ ਸਾਹਿਬ ਦੇ ਸੰਚਾਲਕ ਸੰਤ ਰਜਿੰਦਰ ਸਿੰਘ ਜੀ ਦੀ ਭਤੀਜੀ ਸੰਤ ਦਲਵਿੰਦਰ ਸਿੰਘ ਦੀ ਸਪੁੱਤਰੀ ਦੇ ਸ਼ੁਭ ਵਿਵਾਹ ਮੌਕੇ ਅੱਜ ਪਾਣੀਪੱਤ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ,ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਜੀ,ਸ.ਸੁਖਵਿੰਦਰ ਸਿੰਘ ਮੰਡੇਬਰ ਜਨਰਲ ਸਕੱਤਰ,ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ,ਮੈਂਬਰ ਸਰਬਜੀਤ ਸਿੰਘ ਵਿਰਕ ਅਤੇ ਹੋਰ ਸਤਿਕਾਰਯੋਗ ਸੱਜਣ ਸ਼ਾਮਿਲ ਹੋਏ,ਸੁਭਾਗੀ ਜੋੜੀ ਨੂੰ ਅਸ਼ੀਰਵਾਦ ਦਿੱਤਾ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ, ਯੂ. ਕੇ.)

ੴ ਸਤਿਗੁਰ ਪ੍ਰਸਾਦਿ।

ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ ॥
ਨਾਨਕ ਕਿਸਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ ॥੩੧॥



ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ
ਸਾਡੇ ਸਤਿਕਾਰਯੋਗ

# ਸਰਦਾਰ ਹਰੀ ਸਿੰਘ

(ਸਪੁੱਤਰ ਜਥੇਦਾਰ ਹਰਬੰਸ ਸਿੰਘ)
ਵਾਸੀ ਭੌਏਵਾਲ, ਜਿਲ੍ਹਾ ਅੰਮ੍ਰਿਤਸਰ
ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ
ਮਿਤੀ 13 ਨਵੰਬਰ 2024 ਨੂੰ ਸਤਿਗੁਰ ਦੇ ਚਰਨ੍ਹਾਂ ਵਿੱਚ ਜਾ ਬਿਰਾਜੇ ਹਨ
ਸੋ ਉਹਨਾਂ ਦੀ ਆਤਮਿਕ ਸ਼ਾਤੀ ਲਈ ਆਪ ਜੀ ਨੇ ਉਹਨ੍ਹਾ ਦੇ ਪਾਠ ਦੇ ਭੋਗ ਦੀ

# ਅੰਤਿਮ ਅਰਦਾਸ

ਦਿਨ ਸ਼ੁੱਕਰਵਾਰ 22 ਨਵੰਬਰ 2024 ਨੂੰ
10 ਤੋਂ 01:00 ਵਜੇ ਤੱਕ ਦੁਪਹਿਰ

# ਗੁਰਦੁਆਰਾ ਸਿੰਘ ਸਭਾ ਸਾਹਿਬ

ਗਲੀ ਨੰ 6 ਪਿੰਡ ਭੌਏਵਾਲ, ਜਿਲ੍ਹਾ ਅੰਮ੍ਰਿਤਸਰ
ਵਿਖੇ ਸ਼ਾਮਿਲ ਹੋਣ ਦੀ ਕਿਰਪਾਲਤਾ ਕਰਨੀ ਜੀ।

ਦੁਖੀ ਹਿਰਦੇ – **ਜੋਬਨਜੀਤ ਸਿੰਘ, ਭਾਈ ਮੇਜਰ ਸਿੰਘ ਪ੍ਰਧਾਨ**
ਮੋ : 9463186297

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ

# ਅੱਜ ਦੇ ਫੈਸਲੇ ਨੂੰ ਸੋਚੀ ਸਮਝੀ ਚਾਲ ਰਾਹੀਂ ਲਿਖੀ ਮਿਥੀ ਸਕਰਿਪਟ ਨੂੰ ਮਹਿਜ਼ ਇੱਕ ਡਰਾਮਾ ਸਮਝਿਆ ਜਾ ਰਿਹਾ ਹੈ- ਸੁਧਾਰ ਲਹਿਰ

**ਚੰਡੀਗੜ 18 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਨੂੰ ਲੈਕੇ ਬੁਲਾਈ ਗਈ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੋਚੀ ਸਮਝੀ ਚਾਲ ਰਾਹੀਂ ਲਿਖੀ ਮਿਥੀ ਸਕ੍ਰਿਪਟ ਤਹਿਤ ਕੀਤਾ ਡਰਾਮਾ ਕਰਾਰ ਦਿੱਤਾ ਹੈ।ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਦਫਤਰ ਵਿੱਚ ਦੇਖਣ ਨੂੰ ਮਿਲਿਆ ਹੈ ਕਿ ਅਸਤੀਫੇ ਛਪਵਾ ਕੇ ਰੱਖੇ ਸਨ ਤੇ ਮੀਟਿੰਗ ਵਿੱਚ ਆ ਰਹੇ ਲੀਡਰਾਂ ਨੂੰ ਛਪੇ ਹੋਏ ਅਸਤੀਫੇ ਵਾਲੇ ਕਾਗਜ਼ ਉਥੇ ਦੇ ਮੁਲਾਜ਼ਮ ਹੱਥੀ ਦੇ ਰਹੇ ਸਨ।ਅਗਰ ਇਸ ਤਰ੍ਹਾਂ ਦਾ ਖੇਡ ਰਚਾਉਣਾ ਸੀ ਤਾਂ ਫਿਰ ਸੁਖਬੀਰ ਸਿੰਘ ਬਾਦਲ ਅਸਤੀਫਾ ਦੇਣ ਦੀ ਕੀ ਲੋੜ ਸੀ ਅਤੇ ਉਸਦਾ ਮੰਤਵ ਕੀ ਹੈ।. ਜਥੇਦਾਰ ਵਡਾਲਾ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਵਜੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨਿਆ ਗਿਆ ਸੀ ਅਤੇ ਉਹਨਾਂ ਨੂੰ ਉਸ ਸਮੇਂ ਅਸਤੀਫਾ ਦੇ ਦੇਣਾ ਚਾਹੀਦਾ ਸੀ।. ਸਿੰਘ ਸਾਹਿਬਾਨ ਦੇ ਦਿੱਤੇ ਹੋਏ ਆਦੇਸ਼ ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਅਤੇ ਪੰਥ ਦੀਆਂ ਪਰੰਪਰਾਵਾਂ ਤੇ ਪਹਿਰਾ ਦੇ ਕੇ ਅਸਤੀਫੇ ਦੇ ਸਬੰਧ ਵਿੱਚ ਕੋਈ ਸਿਆਸਤ ਨਹੀਂ ਸੀ ਕਰਨੀ ਚਾਹੀਦੀ।. ਅੱਜ ਸਰਦਾਰ ਬਲਵਿੰਦਰ ਸਿੰਘ ਭੂੰਦੜ ਸਮੇਤ ਕਈ ਲੀਡਰਾਂ ਦੀ ਜੋ ਭੂਮਿਕਾ ਦੇਖੀ ਗਈ ਹੈ ਉਸ ਨੂੰ ਸੰਗਤਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਏ ਹੁਕਮ ਦੇ ਵਿਰੁੱਧ ਸਮਝਿਆ ਜਾ ਰਿਹਾ ਹੈ।.



**ਪਾਰਟੀ ਵਰਕਰਾਂ ਅਤੇ ਪੰਥਕ ਹਤੈਸ਼ੀਆਂ ਨੇ ਝੂੰਦਾ ਕਮੇਟੀ ਨੂੰ ਆਪਣੀ ਬਹੁਤ ਸਾਫ ਸੁਥਰੇ ਸ਼ਬਦਾਂ ਰਾਹੀਂ ਰਾਏ ਦੇ ਦਿੱਤੀ ਸੀ, ਝੂੰਦਾ ਕਮੇਟੀ ਨੂੰ ਲਾਗੂ ਕਰਕੇ ਜਨਤਕ ਕਰਨਾ ਚਾਹੀਦਾ ਹੈ।**

ਜਥੇਦਾਰ ਵਡਾਲਾ ਨੇ ਪਾਰਟੀ ਦੇ ਸੀਨੀਅਰ ਆਗੂ ਐਨ ਕੇ ਸ਼ਰਮਾ ਦੇ ਉਸ ਬਿਆਨ ਦਾ ਸਖ਼ਤ ਨੋਟਿਸ ਲਿਆ ਹੈ ਜਿਹੜਾ ਓਹਨਾ ਨੇ ਇੱਕ ਨਿੱਜੀ ਟੀਵੀ ਚੈਨਲ ਤੇ ਦਿੱਤਾ ਹੈ, ਜਿਸ ਵਿੱਚ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਪਾਰਟੀ ਵਿੱਚ ਧਾਰਮਿਕ ਦਖਲ ਅੰਦਾਜੀ ਜਿਆਦਾ ਹੋ ਚੁੱਕੀ ਹੈ।

ਜਥੇਦਾਰ ਵਡਾਲਾ ਨੇ ਕਿਹਾ ਇਹ ਸਾਡੀ ਤ੍ਰਾਸਦੀ ਹੈ ਕਿ ਪੰਥ ਦੀ ਨੁਮਾਇੰਦਾ ਜਮਾਤ ਵਿੱਚ ਮੀਰੀ ਪੀਰੀ ਦੇ ਸਿਧਾਂਤ ਨੂੰ ਲੈ ਕੇ ਉਸ ਉਪਰ ਐਨ.ਕੇ.ਸ਼ਰਮਾ ਵੱਲੋਂ ਉਂਗਲ ਉਠਾਈ ਜਾ ਰਹੀ ਹੈ। ਇਹਨਾਂ ਲੀਡਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਧਰਮ ਵਿੱਚ ਦਖਲ ਦੇ ਕੇ ਤੇ ਸਿੰਘ ਸਾਹਿਬਾਨਾਂ ਤੋਂ ਗਲਤ ਫੈਸਲੇ ਕਰਵਾਏ ਸਨ, ਉਸ ਸਮੇਂ ਸਿਆਸਤ ਨੂੰ ਧਰਮ ਦਾ ਨੁਕਸਾਨ ਕਰਨ ਵਾਸਤੇ ਕਿਸਨੇ ਅਤੇ ਕਿਉਂ ਵਰਤਿਆ ਸੀ।ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਨੂੰ ਐਨ.ਕੇ.ਸ਼ਰਮਾ ਵਰਗੇ ਲੀਡਰਾਂ ਦੇ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ।. ਇਸ ਦੇ ਨਾਲ ਹੀ ਜਥੇਦਾਰ ਵਡਾਲਾ ਨੇ ਕਿਹਾ ਕਿ ਹੁਣ ਵੀ ਸੁਖਬੀਰ ਬਾਦਲ ਨੂੰ ਬਚਾਉਣ ਲਈ ਸਾਜਿਸ਼ ਰਚੀ ਜਾ ਰਹੀ ਹੈ।ਵਰਕਿੰਗ ਕਮੇਟੀ ਅਤੇ ਦੂਸਰੇ ਲੀਡਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅੱਜ਼ ਪੰਜਾਬ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਚਾਹੁੰਦਾ ਹੈ। ਇਸ ਗੱਲ ਨੂੰ ਲਮਕਾ ਕੇ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਇੱਕ ਵਿਅਕਤੀ ਪਾਰਟੀ ਤੋਂ ਵੱਡਾ ਹੈ ਤੇ ਉੱਪਰ ਹੈ, ਨਾ ਕੀ ਪਾਰਟੀ ਜਾਂ ਜਥੇਬੰਦੀ ਤੋਂ ਵੱਡਾ ਕੋਈ ਵਿਅਕਤੀ ਨਹੀਂ ਹੋ ਸਕਦਾ। ਕਿਸ ਰਣਨੀਤੀ ਦੀ ਗੱਲ ਕੀਤੀ ਜਾ ਰਹੀ ਹੈ ਇਹ ਸਮਝ ਤੋਂ ਬਾਹਰ ਹੈ। ਪਹਿਲਾਂ ਝੂੰਦਾ ਕਮੇਟੀ ਦੀਆਂ ਜੋ ਪਾਰਟੀ ਦੇ ਹਿੱਤਾਂ ਵਿੱਚ ਸਿਫਾਰਿਸ਼ਾਂ ਰਾਹੀਂ ਰਿਪੋਰਟ ਦਿੱਤੀ ਗਈ ਸੀ ਉਸ ਵਿੱਚ ਸਾਫ ਤੌਰ ਤੇ ਵਰਕਰ ਸਾਹਿਬਾਨਾਂ ਅਤੇ ਪੰਥਕ ਹਤੈਸ਼ੀ ਆਗੂਆਂ ਨੇ ਲੀਡਰਸ਼ਿਪ ਵਿੱਚ ਤਬਦੀਲੀ ਦੀ ਮੰਗ ਕੀਤੀ ਸੀ ਅਤੇ ਜੋਰ ਨਾਲ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਹਟਾਉਣ ਵਾਸਤੇ ਆਖਿਆ ਗਿਆ ਸੀ। ਲੀਡਰਸ਼ਿਪ ਵਿੱਚ ਤਬਦੀਲੀ ਸਮੂਹ ਵਰਕਰਾਂ ਤੇ ਆਗੂਆਂ ਵੱਲੋਂ ਇਸ ਲਈ ਮੰਗੀ ਗਈ ਸੀ ਕਿ ਪਾਰਟੀ ਹਰ ਇਲੈਕਸ਼ਨ ਵਿੱਚ ਕਾਫੀ ਕਮਜ਼ੋਰ ਹੋ ਰਹੀ ਸੀ ਅਤੇ ਸਿਆਸੀ ਤੌਰ ਤੇ ਪਾਰਟੀ ਦਾ ਅਕਸ ਬਹੁਤ ਗਿਰ ਗਿਆ ਸੀ। ਝੂੰਦਾ ਕਮੇਟੀ ਦੀ ਰਿਪੋਰਟ ਨੂੰ ਨਾ ਲਾਗੂ ਕਰਕੇਜੋ

2024 ਵਿੱਚ ਲੋਕ ਸਭਾ ਚੋਣਾਂ ਦੇ ਨਤੀਜੇ ਆਏ ਹਨ, ਉਹਨਾਂ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਤ ਵੱਡੇ ਫੈਸਲੇ ਕਰਨ ਦੀ ਲੋੜ ਸੀ। ਇਸ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਅਕਾਲੀ ਵਰਕਰ ਕਿਵੇਂ ਦੇਖਦੇ ਹਨ ਅਤੇ ਲੀਡਰਸ਼ਿਪ ਵਿੱਚ ਤਬਦੀਲੀ ਦੀ ਵੱਡੇ ਪੱਧਰ ਤੇ ਮੰਗ ਕੀਤੀ ਗਈ ਸੀ। ਇਹ ਸਾਰੀਆਂ ਸਿਫਾਰਿਸ਼ਾਂ ਝੂੰਦਾ ਕਮੇਟੀ ਵਿੱਚ ਦਰਜ ਹਨ ਅਤੇ ਇਸ ਰਿਪੋਰਟ ਨੂੰ ਲਾਗੂ ਕਰਨਾ ਹੀ ਇਸ ਸੰਕਟ ਦਾ ਹੱਲ ਹੈ। ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਨੂੰ ਪਿਛਲੇ ਸਮਿਆਂ ਚ ਹੋਈਆਂ ਇਲੈਕਸ਼ਨਾਂ ਦੇ ਨਤੀਜਿਆਂ ਨਾਲ ਸ਼ੀਸ਼ਾ ਦਿਖਾ ਦਿੱਤਾ ਹੈ। ਹੁਣ ਅਗਰ ਅਕਾਲੀ ਦਲ ਦੇ ਆਗੂ ਇਸ ਨੂੰ ਨਾ ਸਮਝਣ ਅਤੇ ਕੋਈ ਵੱਖਰੀ ਰਣਨੀਤੀ ਬਣਾਉਣ ਦੀ ਗੱਲ ਕਰਨ ਤੇ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਨੂੰ ਆਲਾ ਟਾਲਾ ਕਰਨ ਦੀ ਕੋਸ਼ਿਸ਼ ਵਿੱਚ ਹੋਣ ਤਾਂ ਇਸ ਨੂੰ ਸਮੁੱਚਾ ਪੰਥ ਅਤੇ ਪੰਜਾਬ ਕੋਝਾ ਮਜ਼ਾਕ ਤੇ ਸਿਧਾਂਤਹੀਣ ਫੈਸਲਾ ਸਮਝੇਗਾ।

ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਮਾਰੋਹ ਮੌਕੇ

# ਪੁਸਤਕਾਂ 'ਕਾਵਿ ਸੁਨੇਹੇ' ਅਤੇ 'ਸਮੇਂ ਦੇ ਨਕਸ਼' ਲੋਕ ਅਰਪਿਤ

**ਚੌਕ ਮਹਿਤਾ, 19 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ (ਰਜਿ:) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਮਾਰੋਹ-2024 ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ 11ਵਾਂ ਕਾਵਿ ਸੰਗ੍ਰਿਹ "ਕਾਵਿ ਸੁਨੇਹੇ" ਅਤੇ 12ਵਾਂ ਕਾਵਿ ਸੰਗ੍ਰਿਹ "ਸਮੇਂ ਦੇ ਨਕਸ਼" ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ । ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਵਕਤਾ ਡਾ: ਪਿਆਰਾ ਲਾਲ ਗਰਗ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਡਾ: ਹਰਜਿੰਦਰ ਸਿੰਘ ਅਟਵਾਲ, ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰੀ ਮੈਂਬਰ ਮੱਖਣ ਕੁਹਾੜ, ਜ਼ਿਲ੍ਹਾ ਪ੍ਰਧਾਨ ਡਾ: ਲੇਖ ਰਾਜ, ਡਾ: ਕੁਲਦੀਪ ਪੁਰੀ, ਜ਼ਿਲ੍ਹਾ ਭਾਸ਼ਾ ਅਫਸਰ ਡਾ: ਪਰਮਜੀਤ ਸਿੰਘ ਕਲਸੀ, ਕਹਾਣੀਕਾਰ ਲਾਲ ਸਿੰਘ ਸ਼ਾਮਿਲ ਹੋਏ । ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਪਰਦੀਪ ਸਿੰਘ ਭੁੱਲਰ ਨੇ ਸ਼ਾਮੂਲੀਅਤ ਕੀਤੀ । ਇਸ ਮੌਕੇ ਸ: ਰਤਨ ਸਿੰਘ ਕੰਵਲ ਜੰਮੂ ਕਸ਼ਮੀਰ, ਡਾ: ਧਰਮ ਸਿੰਘ ਗੁਰਾਇਆ ਅਤੇ ਕਹਾਣੀਕਾਰ ਅਲਫਾਜ ਨੂੰ ਪ੍ਰਿੰ: ਸੁਜਾਨ ਸਿੰਘ ਯਾਦਗਾਰੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਗੁਰਮੀਤ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਰੰਗੀਨਪੁਰ, ਸੁੱਚਾ ਸਿੰਘ ਪਸਨਾਵਾਲਾ, ਸੀਤਲ ਸਿੰਘ ਗੁੰਨੋਪੁਰੀ, ਬੂਟਾ ਰਾਮ ਅਜ਼ਾਦ, ਡਾ: ਰਾਜਵਿੰਦਰ ਕੌਰ ਨਾਗਰਾ, ਤਰਸੇਮ ਸਿੰਘ ਭੰਗੂ, ਰਾਜਿੰਦਰ ਸਿੰਘ ਰਾਜ ਕਲਾਨੌਰ, ਨਿਸ਼ਾਨ ਸਿੰਘ ਜੌੜਾ ਸੰਘਾ, ਪਰਮਜੀਤ ਸਿੰਘ ਤਿੱਖਾ ਥੇਹ, ਅਮਰੀਕ ਸਿੰਘ ਲੇਹਲ, ਵਿਜੈ ਅਗਨੀਹੋਤਰੀ, ਰਮੇਸ਼ ਜਾਨੂੰ ਜਤਿੰਦਰ ਭਨੋਟ ਸਮੇਤ ਵੱਡੀ ਗਿਣਤੀ ਵਿੱਚ ਸਾਹਿਤਕਾਰ ਸ਼ਾਮਿਲ ਹੋਏ।



# ਬੀਬਾ ਰਾਜਵਿੰਦਰ ਕੌਰ ਗੁਰਦੁਆਰਾ ਪੰਜਵੀਂ ਪਾਤਸ਼ਾਹੀ (ਸਿੰਘ ਸਭਾ) ਦੇ ਪ੍ਰਧਾਨ ਬਣੇ

**ਚੌਕ ਮਹਿਤਾ, 19 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਮਹਿਲਾ ਵਿੰਗ) ਦੀ ਸਕੱਤਰ ਅਤੇ ਉੱਘੀ ਕਵਿੱਤਰੀ ਬੀਬੀ ਰਾਜਵਿੰਦਰ ਕੌਰ ਨੂੰ ਗੁਰਦੁਆਰਾ ਪੰਜਵੀਂ ਪਾਤਸ਼ਾਹੀ, ਸਿੰਘ ਸਭਾ ਸਾਹਿਬ, ਤਰਨ ਤਾਰਨ ਰੋਡ, ਅੰਮ੍ਰਿਤਸਰ ਦੀ ਮਹਿਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਹਾਲ ਈ ਵਿੱਚ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੌਰਾਨ ਪ੍ਰਧਾਨ ਹਰਚਰਨ ਸਿੰਘ ਚੰਨਾ, ਬੀਬੀ ਸਨੇਹ ਲਤਾ, ਸਰਬਜੀਤ ਕੌਰ, ਚਰਨਜੀਤ ਕੌਰ, ਭਾਈ ਹਰਦੇਵ ਸਿੰਘ, ਪ੍ਰਧਾਨ ਜਤਿੰਦਰ ਸਿੰਘ ਟੱਕਰ, ਗੁਰਮੀਤ ਕੌਰ, ਤਜਿੰਦਰ ਕੌਰ, ਬਾਵਾ ਸਿੰਘ, ਸੋਨੀਆ ਸਮੇਤ ਹੋਰ ਸੰਗਤਾਂ ਹਾਜ਼ਰ ਹੋਈਆਂ, ਜਿਸ ਦੌਰਾਨ ਬੀਬੀ ਰਾਜਵਿੰਦਰ ਕੌਰ ਨੂੰ ਸਥਾਨਕ ਗੁਰਦੁਆਰਾ ਸਾਹਿਬ ਦੀ ਮਹਿਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣ ਲਿਆ ਗਿਆ, ਜਦਕਿ ਬੀਬੀ ਕਿਰਨ ਕੌਰ ਮੀਤ ਪ੍ਰਧਾਨ ਚੁਣੇ ਗਏ ਹਨ । ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਮਹਿਲਾ ਵਿੰਗ ਦੀ ਪ੍ਰਧਾਨ) ਸੁਖਵੰਤ ਕੌਰ ਵੱਸੀ, ਮੀਤ ਪ੍ਰਧਾਨ ਜਤਿੰਦਰਪਾਲ ਕੌਰ ਭਿੰਡਰ, ਗੁਰਮੀਤ ਕੌਰ ਬੱਲ, ਸੁਰਿੰਦਰ ਖਿਲਚੀਆਂ, ਅਮਨ ਢਿੱਲੋਂ ਕਸੇਲ, ਅਮਨਦੀਪ ਕੌਰ ਥਿੰਦ, ਗੁਰਨਾਮ ਕੌਰ ਚੀਮਾਂ, ਹਰਮੇਸ਼ ਕੌਰ ਜੋਧੇ, ਬਲਵਿੰਦਰ ਕੌਰ ਸਰਘੀ ਨੇ ਬੀਬਾ ਰਾਜਵਿੰਦਰ ਕੌਰ ਨੂੰ ਇਸ ਨਿਯੁਕਤੀ 'ਤੇ ਵਧਾਈ ਦਿੱਤੀ ਹੈ।



# ਸਮਾਜ ਸੇਵੀ ਹੌਲਦਾਰ ਹਰੀ ਸਿੰਘ ਭੋਏਵਾਲ ਨਹੀਂ ਰਹੇ

ਚੌਕ ਮਹਿਤਾ 19 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ) ਸਮਾਜ ਸੇਵੀ ਜਥੇਦਾਰ ਹਰਬੰਸ ਸਿੰਘ ਦੇ ਸਪੁੱਤਰ ਅਤੇ ਪ੍ਰਧਾਨ ਮੇਜਰ ਸਿੰਘ ਦੇ ਭਰਾ ਸਮਾਜ ਸੇਵੀ ਹੌਲਦਾਰ ਹਰੀ ਸਿੰਘ ਭੋਏਵਾਲ ਨਹੀਂ ਰਹੇ, ਉਨ੍ਹਾਂ ਦੀ ਉਮਰ ਤਕਰੀਬਨ 54 ਸਾਲ ਦੇ ਸਨ, ਉਹ ਕਪੂਰਥਲਾ ਪੰਜਾਬ ਪੁਲਿਸ ਵਿੱਚ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਸਿੰਘ ਦੀ ਸੇਵਾ ਕਰਦੇ ਸਨ, ਅਚਾਨਕ ਹਾਰਟ ਅਟੈਕ ਹੋਣ ਕਰਕੇ ਆਪਣੇ ਸੁਆਸਾਂ ਦੀ ਪੂੰਜੀ ਨੂੰ ਪੂਰੇ ਕਰਦੇ ਹੋਏ, ਗੁਰੂ ਸਾਹਿਬ ਦੇ ਚਰਨਾਂ ਵਿੱਚ ਵਿੱਚ ਜਾ ਬਿਰਾਜੇ ਹਨ। ਹੌਲਦਾਰ ਹਰੀ ਸਿੰਘ ਭੋਏਵਾਲ ਅੰਮ੍ਰਿਧਾਰੀ ਅਤੇ ਪਵਿੱਤਰ ਪਾਵਨ ਗੁਰਬਾਣੀ ਦੇ ਨਿਤਨੇਮੀ ਸਨ, ਅਤੇ ਦਿਨ ਰਾਤ ਵਾਹਿਗੁਰੂ ਜੀ ਦਾ ਸਿਮਰਨ ਭਜਨ ਬੰਦਗੀ ਵਾਲੀ ਪਵਿੱਤਰ ਰੂਹ ਸਨ, ਉਨ੍ਹਾਂ ਦਾ ਭੋਗ 22 ਨਵੰਬਰ 2024 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿੰਘ ਸਭਾ ਸਾਹਿਬ ਗਲੀ ਨੰਬਰ6 ਪਿੰਡ ਭੋਏਵਾਲ ਵਿੱਖੇ ਪੈਣਗੇ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਭੋਗ ਦੇ ਸਮੇਂ ਧਾਰਮਿਕ, ਰਾਜਨੀਤਕ, ਸਮਾਜ ਸੇਵੀ, ਪੰਜਾਬ ਪੁਲਿਸ ਦੇ ਉਚ ਅਧਿਕਾਰੀ ਦੇਸਾ ਵਿਦੇਸ਼ਾ ਦੀਆਂ ਸੰਗਤਾ ਸਰਧਾ ਦੇ ਫੁੱਲ ਭੇਟ ਕਰਨਗੇ।



# ਬੇਟੀ ਬਚਾਓ ,ਬੇਟੀ ਪੜ੍ਹਾਓ ਮੁਹਿੰਮ ਨੂੰ ਜਾਗਰੂਕ ਕਰਨ 'ਚ ਪਿੱਛਲੇ 15 ਸਾਲ ਤੋਂ ਮੋਹਰੀ ਮਾਣ ਧੀਆਂ 'ਤੇ ਸੰਸਥਾਂ ਨੂੰ ਕੌਮੀ ,ਰਾਜ ਤੇ ਜ਼ਿਲ੍ਹਾ ਪੱਧਰ ਤੇ ਮਿਲੇ ਐਵਾਰਡ











**ਚੌਕ ਮਹਿਤਾ, 19 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਰੀਬ ਡੇਢ ਦਹਾਕੇ ਪਹਿਲਾ ਮੁੱਖ ਸਰਪ੍ਰਸਤ ਐਸਡੀਐਮ ਸ਼੍ਰੀ ਰਾਜੇਸ ਸ਼ਰਮਾ,ਚੇਅਰਮੈਨ ਸ਼੍ਰੀ ਹਰਦੇਸ ਸ਼ਰਮਾ,ਮਖਤੂਲ ਸਿੰਘ ਔਲਖ, ਨਿਰਵੈਰ ਸਿੰਘ ਸਰਕਾਰੀਆ ਅਤੇ ਪ੍ਰਿੰ.ਰਾਜੇਸ਼ ਪ੍ਰਭਾਕਰ ਦੇ ਪਿੱਠ ਥਾਪੜੇ ਸਦਕਾ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਪ੍ਰਸਿੱਧ ਸਮਾਜ ਸੇਵਕ ਅਤੇ ਖੇਡ ਪ੍ਰੋਮੋਟਰ) ਨੇ ਜ਼ਿਲ੍ਹੇ ਦੀਆਂ ਵਿੱਦਿਅਕ ਸੰਸਥਾਵਾਂ ਦੇ ਮੁੱਖੀਆਂ, ਖੇਡ ਪ੍ਰੇਮੀਆਂ , ਸਮਾਜ ਸੇਵਕਾ ਅਤੇ ਪ੍ਰਸਿੱਧ ਸਖਸੀਅਤਾਂ ਨੂੰ ਇੱਕ ਮੰਚ ਤੇ ਇੱਕਤਰ ਕਰਕੇ ਸਾਲ 2009 ਵਿੱਚ ਔਰਤਾਂ ਤੇ ਧੀਆਂ ਤੇ ਹੱਕ 'ਚ ਹਾਅ ਦਾ ਨਾਅਰਾ ਮਾਰ ਕੇ ਭਰੂਣ ਹੱਤਿਆ ਖਿਲਾਫ ਅਤੇ "ਬੇਟੀ ਬਚਾਓ,ਬੇਟੀ ਪੜ੍ਹਾਓ" ਮੁਹਿੰਮ ਦੀ ਸ਼ੁਰੂਆਤ ਕਰਕੇ ਗਠਿਤ ਕੀਤੀ ਮਾਣ ਧੀਆਂ ਤੇ ਸਮਾਜ ਭਲਾਈ ਸੁਸਾਇਟੀ (ਰਜਿ) ਅੰਮ੍ਰਿਤਸਰ ਵੱਲੋਂ ਹੋਣਹਾਰ ਬੇਟੀਆ ਅਤੇ ਉੱਭਰ ਰਹੇ ਖਿਡਾਰੀਆਂ ਨੂੰ ਇਕ ਪਲੇਟਫਾਰਮ ਦਿੱਤਾ 9 ਇਸ ਮੌਕੇ ਸੰਸਥਾ ਦੇ ਸਮੂਹ ਮੈਬਰਾਂ ਰਾਜੇਸ ਸ਼ਰਮਾ,ਹਰਦੇਸ ਸ਼ਰਮਾ,ਮਖਤੂਲ ਸਿੰਘ ਔਲਖ,ਨਿਰਵੈਰ ਸਿੰਘ ਸਰਕਾਰੀਆ ਅਤੇ ਪ੍ਰਿੰ. ਰਾਜੇਸ਼ ਪ੍ਰਭਾਕਰ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਕਿਹਾ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ ਉਹਨਾਂ ਨੇ 15 ਸਾਲ ਪਹਿਲਾ ਸਮਾਜ ਸੇਵੀ ਸੰਸਥਾ ਦੀ ਸ਼ੁਰੂਆਤ ਕੀਤੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਧੀਆਂ ਦੇ ਹੱਕ ' ਚ ਸ਼ੁਰੂ ਕੀਤੀ "ਬੇਟੀ ਬਚਾਓ , ਬੇਟੀ ਪੜ੍ਹਾਓ" ਮੁਹਿੰਮ ਤਹਿਤ ਹਸਤਾਖਰ ਮੁਹਿੰਮ ਦੀ ਸ਼ੁਰੂਆਤ ਕੀਤੀ,ਇਸ ਮੁਹਿੰਮ ਨੇ 148 ਦੇ ਕਰੀਬ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ/ਕਾਲਜਾ ਦੇ ਇੱਕ ਲੱਖ ਛੇ ਹਜ਼ਾਰ (1,06,000) ਨੌਜਵਾਨਾਂ ਨੂੰ ਜਾਗਰੂਕ ਕਰਕੇ ਗਨਿਜ਼ ਵਰਲਡ ਬੁੱਕ ਅਤੇ ਇੰਡੀਆਂ ਬੁੱਕ ਵਿੱਚ ਨਾਂਅ ਦਰਜ ਕਰਵਾਉਣ ਤੋਂ ਇਲਾਵਾ 2015 ਅਤੇ 2017 'ਚ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਐਵਾਰਡ ਪ੍ਰਾਪਤ ਕੀਤਾ ਅਤੇ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਪ੍ਰਾਪਤ ਕੀਤੇ ਹਨ 9 ਪ੍ਰਧਾਨ ਮੱਟੂ ਨੇ ਅੱਜ ਸੰਸਥਾ ਦੇ 15 ਸਾਲ ਸਫਲਤਾਪੂਰਵਕ ਸੰਪਨ ਹੋਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕੇ ਸਮੂਹ ਮੇਂਬਰਾਂ ਦੇ ਪੂਰਨ ਸਹਿਯੋਗ ਸਦਕਾ ਕੌਮੀ ਅਤੇ ਰਾਜ ਪੱਧਰੀ ਐਵਾਰਡ ਪ੍ਰਾਪਤ ਕਰਕੇ ਦਿਨ ਰਾਤ ਮਿਹਨਤ ਕੀਤੀ ਹੈ ਅਤੇ ਹਰ ਸਾਲ ਮਾਣ ਧੀਆਂ 'ਤੇ ਸੰਸਥਾ ਵੱਲੋਂ ਕਰਵਾਏ ਗਏ ਵੱਖ-ਵੱਖ ਸਮਾਰੋਹ ਦੌਰਾਨ ਕਈ ਪਦਮ ਸ੍ਰੀ, ਅਰਜੁਨਾ ਐਵਾਰਡੀ, ਦ੍ਰੋਣਾਚਾਰੀਆਂ ਐਵਾਰਡੀ, ਓਲੰਪੀਅਨ, ਮਹਾਰਾਜਾ ਰਣਜੀਤ ਸਿੰਘ ਐਵਾਰਡੀ, ਅੰਤਰਰਾਸ਼ਟਰੀ ਤੇ ਰਾਸ਼ਟਰੀ ਖਿਡਾਰਣਾ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਤੋ ਇਲਾਵਾ ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਸੀਬੀਐਸਈ, ਆਈਸੀਐਸ ਈ ਬੋਰਡ ਅਤੇ ਪੀਐਸਈਬੀ ਵੱਲੋਂ ਲਈ ਜਾਣ ਵਾਲੀ ਸਾਲਾਨਾ ਪ੍ਰੀਖਿਆਂ (ਦਸਵੀਂ ਅਤੇ ਬਾਹਰਵੀ) ਦੀਆਂ ਟੋਪਰ ਹੋਣਹਾਰ ਵਿਦਿਆਰਥਣਾ ਨੂੰ "ਮਾਣ ਧੀਆਂ ਤੇ' ਐਵਾਰਡ" ਨਾਲ ਸਨਮਾਨਿਤ ਕਰਨ ਦੀ ਪਿਰਤ ਪਾਈ ਅਤੇ ਕੌਮਾਂਤਰੀ ਮਹਿਲਾ ਦਿਵਸ,ਲੋਹੜੀ ਧੀਆਂ ਦੀ,ਬਾਲੜੀ ਦਿਵਸ,ਮਦਰ ਡੇ,ਨਵਰਾਤਰਿਆ ਦੇ ਸ਼ੁੱਭ ਅਵਸਰ ਤੇ ਧੀਆਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਦਿੱਤਾ ਜਾਂਦਾ ਹੈ । ਅਖੀਰ ਵਿੱਚ ਪ੍ਰਧਾਨ ਮੱਟੂ ਨੇ ਕਿਹਾ ਸਾਡੀ ਸੰਸਥਾ ਇਸ ਮਕਸਦ ਨੂੰ ਮੁੱਖ ਰੱਖ ਕੇ ਮੈਦਾਨ ਵਿਚ ਆਈ ਹੈ । ਪੰਜਾਬ ਦੇ ਹਰੇਕ ਜ਼ਿਲ੍ਹੇ ਦੇ ਨੌਜਵਾਨ ਲੜਕੇ - ਲੜਕੀਆਂ ਨੂੰ ਖੇਡਾਂ ਨਾਲ ਜੋੜਨਾ ਸਾਡਾ ਸੰਕਲਪ ਹੈ , ਜੋ ਇਕ ਦਿਨ ਜ਼ਰੂਰ ਪੂਰਾ ਹੋਵੇਗਾ । ਅਸੀਂ ਸਭਨਾਂ ਵਰਗਾਂ ਤੋਂ ਆਸ ਰੱਖਾਂਗੇ ਕਿ ਉਹ ਸਾਡੀਆਂ ਖਾਮੀਆਂ ਸਾਨੂੰ ਦੱਸਣ ਤੇ ਆਪਣੇ ਨੇੜੇ - ਤੇੜੇ ਦੇ ਖੇਡ ਪ੍ਰੇਮੀਆਂ ਪ੍ਰਮੋਟਰਾਂ ਅਤੇ ਸਮਾਜ ਸੇਵੀਆਂ ਨੂੰ ਉਪਰੋਕਤ ਸੰਸਥਾ ਨਾਲ ਜੋੜਨ ਦੀ ਕ੍ਰਿਪਾਲਤਾ ਕਰਨ ਅਤੇ ਨੌਜਵਾਨ ਪੀੜੀ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਅਤੇ ਭਰੂਣ ਹੱਤਿਆ ਖ਼ਿਲਾਫ਼ ਡਟ ਕੇ ਮੁਕਾਬਲਾ ਕਰੀਏ ਅਤੇ ਅਸੀਂ ਧੀਆਂ ਨੂੰ ਪੂਰਾ ਸਤਿਕਾਰ ਦੇਈਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ੴ ਸਤਿਗੁਰ ਪ੍ਰਸਾਦਿ ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਇ ॥

# ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡਾ ਬਹੁਤ ਹੀ ਹਰਮਨ ਪਿਆਰਾ ਸ. ਜੋਬਨਨੀਤ ਸਿੰਘ ਜੀ ਨੇਵੀਂ ਅਫਸਰ (ਸਪੁੱਤਰ ਸਵ: ਡਾ.ਪਰਮਜੀਤ ਸਿੰਘ ਧਾਲੀਵਾਲ ਅਤੇ ਰਿਟਾ. ਕਰਨਲ ਦਲਜੀਤ ਕੌਰ) ਪੋਤਰਾ ਸ੍ਰ. ਬਲਬੀਰ ਸਿੰਘ ਧਾਲੀਵਾਲ ਜੀ ਹਾਊਸ ਨੰਬਰ 116, ਜੋ ਕਿ ਇੱਕ ਸੜਕ ਹਾਦਸੇ ਕਾਰਨ ਆਪਣੀ ਸੰਸਾਰਿਕ ਯਾਤਰਾਂ ਪੂਰੀ ਕਰਕੇ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ ਮਿਤੀ 22ਨਵੰਬਰ, 2024 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿੰਘ ਸਭਾ ਸਾਹਿਬ, ਜੇਲ ਰੋਡ, ਗੁਰਦਾਸਪੁਰ ਵਿਖੇ ਦੁਪਹਿਰ 12.00 ਤੋਂ 1.30 ਵਜੇ ਤੱਕ ਪਵੇਗਾ। ਆਪ ਜੀ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ ਜੀ।

ਆਵਾਜ਼ਿ ਕੌਮ AWAZE QAUM International Newspaper & WEB TV

**ਦੁਖੀ ਹਿਰਦੇ**

ਸਮੂਹ ਧਾਲੀਵਾਲ ਅਤੇ ਗੋਰਾਇਆ ਪਰਿਵਾਰ।

**M.: 98555-92533, 98155-86292, 94633-71935, 96460 13098**

### ਪਿੰਡ ਚੰਨਣਕੇ ਦੇ ਨਿਯੁਕਤ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਨੇ

# ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਸ਼ੁਕਰਾਨਾ

## ਸਰਪੰਚ ਮਿੱਠਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ੇ ਅਤੇ ਚੋਰੀ ਵਾਲਾ ਮੇਰੇ ਕੋਲ ਨਾ ਆਵੇ, ਮੈ ਆਪ ਖੁਦ ਕਾਨੂੰਨੀ ਕਰਵਾਈ ਕਰਾਂਗਾ











**ਚੌਕ ਮਹਿਤਾ, 18 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਚੰਨਣਕੇ ਦੇ ਨਵੇਂ ਬਣੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਅਤੇ ਸਾਰੀ ਪੰਚਾਇਤ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ, ਗੁਰਦੁਆਰਾ ਬਾਬਾ ਚੰਨਣ ਸਾਹਿਬ ਜੀ ਵਿਖੇ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ 17 ਨਵੰਬਰ 2024 ਦਿਨ ਐਤਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਪਾਏ, ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਅਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਹਜ਼ੂਰੀ ਰਾਗੀ ਭਾਈ ਅਵਤਾਰ ਸਿੰਘ ਰਾਗੀ ਜਥੇ ਨੇ ਸੰਗਤਾ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਸਰਵਨ ਕਰਵਾਏ, ਉਪਰੰਤ ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਤੇ ਵਿਸੇਸ਼ ਤੌਰ ਤੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਵਿੱਤਰ ਪਾਵਨ ਚਰਨ ਛੋਹ ਅਸਥਾਨ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਵਾਲਿਆਂ ਨੇ ਜਥੇ ਸਮੇਤ ਹਾਜ਼ਰੀ ਭਰੀ, ਇਸ ਮੌਕੇ ਤੇ ਨਿਯੁਕਤ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਨੇ ਆਪਣੇ ਸੰਬੋਧਨ ਦੁਆਰਾ ਕਿਹਾ ਕਿ ਮੈ ਅੱਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕਹਿੰਦਾ ਹਾਂ ਕਿ ਨਸੇ ਅਤੇ ਚੋਰੀ ਵਾਲੇ ਬਾਜ ਆਉਣ ਆਪਣਾ ਨਸੇ ਦਾ ਧੰਦਾ ਛੱਡ ਦੇਣ ਜਾਂ ਫਿਰ ਪਿੰਡ ਛੱਡ ਦੇਣ ਮੈ ਆਪ ਨਸੇ ਅਤੇ ਚੋਰੀ ਵਾਲਿਆਂ ਤੇ ਕਾਨੂੰਨੀ ਕਾਰਵਾਈ ਕਰਾਂਗਾ ਜੇ ਕੋਈ ਬੱਚਾ ਨਸਾ ਛੱਡਣਾ ਚਾਹੁੰਦਾ ਹੈ ਤਾਂ ਮੈ ਉਸ ਦਾ ਇਲਾਜ਼ ਆਪਣੇ ਖਰਚਾ ਕਰਕੇ ਕਰਾਂਗਾ। ਬੱਚਿਆਂ ਨੂੰ ਮੇਰੀ ਬੇਨਤੀ ਹੈ ਕਿ ਖੇਡਾਂ ਵੱਲ ਧਿਆਨ ਦਿਉ ਮੈ ਖਿਡਾਰੀਆਂ ਦੀ ਵੱਧ ਤੋਂ ਵੱਧ ਮਦਦ ਕਰਾਂਗਾ। ਪਿੰਡ ਦੇ ਵਿਕਾਸ ਵਾਸਤੇ ਮੈ ਅਤੇ ਮੇਰੀ ਸਾਰੀ ਪੰਚਾਇਤ ਦਿਨ ਰਾਤ ਇੱਕ ਕਰ ਦੇਵਾਂਗਾ। ਮੇਰੇ ਦਰਵਾਜ਼ੇ ਪਿੰਡ ਵਾਸੀਆਂ ਦੀ ਸੇਵਾ ਲਈ 24 ਘੰਟੇ ਖੁੱਲੇ ਰਹਿਣਗੇ। ਇਸ ਮੌਕੇ ਤੇ ਸਰਪੰਚ ਮੇਜਰ ਸਿੰਘ ਰੰਧਾਵਾ ਨਵੇ ਚੰਨਣਕੇ, ਸਰਪੰਚ ਲਖਵਿੰਦਰ ਸਿੰਘ ਨਾਥ ਦੀ ਖੂੰਹੀ, ਸਰਪੰਚ ਸੁਰਜੀਤ ਸਿੰਘ ਭੋਏਵਾਲ, ਸਾਬਕਾ ਸਰਪੰਚ ਦਵਿੰਦਰ ਸਿੰਘ ਨਵੇ ਚੰਨਣਕੇ, ਸਾਬਕਾ ਸਰਪੰਚ ਮੇਜਰ ਸਿੰਘ ਸਹੋਤਾ, ਸਾਬਕਾ ਸਰਪੰਚ ਦਵਿੰਦਰ ਸਿੰਘ ਨਾਥ ਦੀ ਖੂੰਹੀ, ਸਾਬਕਾ ਸਰਪੰਚ ਪਰਗਟ ਸਿੰਘ, ਸਾਬਕਾ ਸਰਪੰਚ ਕਸਮੀਰ ਸਿੰਘ, ਆਦਿ ਬਹੁਤ ਗਿਣਤੀ ਵਿੱਚ ਸਰਪੰਚ ਪੰਚ ਸੰਗਤਾ ਹਾਜ਼ਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243